# ਉਹ ਹਰ ਚੀਜ਼ ਜਿਸਦੀ ਤੁਹਾਨੂੰ ਵੋਟ ਪਾਉਣ ਲਈ ਨਾਮਾਂਕਣ ਬਾਰੇ ਜਾਣਨ ਦੀ ਲੋੜ ਹੈ

# ਚੁਣਾਵੀ ਨਾਮਾਂਕਣ ਸਬੰਧੀ ਇਨ੍ਹਾਂ ਅਦੰਰਲੇ ਸੁਆਲਾਂ ਦੇ ਜੁਆਬ

## ਵੋਟ ਪਾਉਣ ਲਈ ਨਾਮਾਂਕਣ ਕਰਨਾ

ਕੀ ਮੈਂ ਨਾਂ ਦਰਜ ਕਰਵਾਉਣ ਲਈ ਪਾਤਰ ਹਾਂ?

ਕੀ ਮੈਂ ਨਾਂ ਦਰਜ ਕਰਵਾਉਣ ਲਈ ਪਾਤਰ ਨਹੀਂ ਹਾਂ?

ਮੈਨੂੰ ਨਾਂ ਕਿਉਂ ਦਰਜ ਕਰਵਾਉਣਾ ਚਾਹੀਦਾ ਹੈ?

ਮੈਂ ਨਾਂ ਕਿਵੇਂ ਦਰਜ ਕਰਵਾ ਸਕਦਾ/ਦੀ ਹਾਂ?

ਮੈਂ ਨਾਮਾਂਕਣ ਫਾਰਮ ਕਿੱਥੋਂ ਪ੍ਰਾਪਤ ਕਰਾਂ?

ਕੀ ਮੈਂ ਇੰਟਰਨੈੱਟ ਦੀ ਵਰਤੋਂ ਨਾਲ ਨਾਂ ਦਰਜ ਕਰਵਾ ਸਕਦਾ/ਦੀ ਹਾਂ?

ਕੀ ਮੈਂ ਇੰਟਰਨੈੱਟ ਦੀ ਵਰਤੋਂ ਨਾਲ ਆਪਣੇ ਵੇਰਵਿਆਂ ਨੂੰ ਨਵੀਨੀਕ੍ਰਿਤ ਕਰ ਸਕਦਾ /ਦੀ ਹਾਂ?

ਕੀ ਮੈਂ 18 ਸਾਲ ਦਾ ਹੋਣ ਤੋਂ ਪਹਿਲਾਂ ਨਾਂ ਦਰਜ ਕਰਵਾ ਸਕਦਾ/ਦੀ ਹਾਂ?

ਮੈਂ ਅਪਾਹਜ ਹਾਂ। ਕੀ ਮੈਨੂੰ ਅਸਥਾਈ ਨਾਮਾਂਕਣ ਵਿੱਚ ਮਦਦ ਮਿਲ ਸਕਦੀ ਹੈ?

ਮੇਰਾ ਪਰਿਵਾਰ ਜਾਂ ਦੋਸਤ ਵਿਦੇਸ਼ ਵਿੱਚ ਹਨ। ਕੀ ਮੈਂ ਉਨ੍ਹਾਂ ਦਾ ਨਾਂ ਦਰਜ ਕਰਵਾ ਸਕਦਾ/ਦੀ ਹਾਂ?

ਅਪ੍ਰਕਾਸ਼ਤ ਨਾਮਾਵਲੀ ਕੀ ਹੈ?

ਆਪਣੇ ਨਾਮਾਂਕਣ ਫਾਰਮ ਨੂੰ ਮੇਰੇ ਦੁਆਰਾ ਵਾਪਸ ਭੇਜੇ ਜਾਣ ਤੋਂ ਬਾਅਦ ਕੀ ਹੁੰਦਾ ਹੈ?

ਮੈਨੂੰ ਕਿਹੜੀ ਜਾਣਕਾਰੀ ਦੇਣ ਦੀ ਲੋੜ ਹੈ?

## ਮਾਉਰੀ ਨਾਮਾਂਕਣ

ਮਾਉਰੀ ਚੁਣਾਵੀ ਵਿਕਲਪ?

ਮੈਂ ਨਿਉਜ਼ੀਲੈਂਡ ਮਾਉਰੀ ਹਾਂ। ਕਿਹੜੀ ਨਾਮਾਵਲੀ ਵਿੱਚ ਜਾਣਾ ਹੈ ਇਸਦੀ ਚੋਣ ਮੈਂ ਕਿਵੇਂ ਕਰਾਂ?

ਜੇ ਮੈਂ ਮਾਉਰੀ ਹੋਣ ਦੇ ਨਾਤੇ ਪਹਿਲੀ ਵਾਰ ਨਾਮਾਂਕਣ ਕਰ ਰਿਹਾ/ਰਹੀ ਹਾਂ ਤਾਂ ਕੀ ਹੋਵੇਗਾ?

ਮਾਉਰੀ ਚੁਣਾਵੀ ਵਿਕਲਪ ਅਕਸਰ ਕਿੰਨੀ ਵਾਰ ਆਯੋਜਿਤ ਕੀਤਾ ਜਾਂਦਾ ਹੈ?

ਮੈਂ ਪੈਸਿਫਿਕ ਆਈਲੈਂਡ੍ਸ ਪੋਲੀਨੇਸ਼ਿਅਨ ਹਾਂ। ਕੀ ਮੈਂ ਮਾਉਰੀ ਨਾਮਾਵਲੀ ਵਿੱਚ ਆ ਸਕਦਾ/ਦੀ ਹਾਂ?

## ਚੁਣਾਵੀ ਨਾਮਾਵਲੀਆਂ

ਪਾਰਲੀਮੈਂਟਰੀ ਚੁਣਾਵੀ ਨਾਮਾਵਲੀ ਕੀ ਹੈ?

ਮੈਂ ਚੁਣਾਵੀ ਨਾਮਾਵਲੀ ਕਿੱਥੋਂ ਦੇਖ ਸਕਦਾ/ਦੀ ਹਾਂ?

ਚੁਣਾਵੀ ਜਾਣਕਾਰੀ ਦੀ ਵਰਤੋਂ ਕਿਸ ਲਈ ਕੀਤੀ ਜਾਂਦੀ ਹੈ?

## ਆਪਣੇ ਨਾਮਾਂਕਣ ਵੇਰਵਿਆਂ ਨੂੰ ਨਵੀਨਤਮ ਰੱਖਣਾ

ਜੇ ਮੈਂ ਆਪਣਾ ਪਤਾ ਬਦਲਦਾ/ਦੀ ਹਾਂ ਤਾਂ ਮੈਨੂੰ ਕੀ ਕਰਨਾ ਹੈ?

ਜੇ ਮੈਂ ਆਪਣਾ ਕੰਮ-ਕਾਰ ਬਦਲਦਾ/ਦੀ ਹਾਂ ਤਾਂ ਮੈਨੂੰ ਕੀ ਕਰਨਾ ਹੈ?

ਜੇ ਮੈਂ ਆਪਣੇ ਵੇਰਵਿਆਂ ਨੂੰ ਨਵੀਨੀਕ੍ਰਿਤ ਕਰਨਾ ਭੁੱਲ ਜਾਵਾਂ ਤਾਂ ਕੀ ਹੁੰਦਾ ਹੈ?

## ਨਾਮਾਂਕਣ ਨਵੀਨੀਕਰਨ ਮੁਹਿੰਮ

ਨਾਮਾਂਕਣ ਨਵੀਨੀਕਰਨ ਮੁਹਿੰਮ ਕੀ ਹੈ?

ਜਦੋਂ ਨਾਮਾਂਕਣ ਨਵੀਨੀਕਰਨ ਮੁਹਿੰਮ ਹੁੰਦੀ ਹੈ ਤਾਂ ਮੈਨੂੰ ਕੀ ਕਰਨਾ ਹੈ?

ਜੇ ਮੈਂ ਆਪਣਾ ਨਾਮਾਂਕਣ ਨਵੀਨੀਕਰਨ ਫਾਰਮ ਵਾਪਸ ਨਹੀਂ ਭੇਜਦਾ/ਦੀ ਤਾਂ ਕੀ ਹੁੰਦਾ ਹੈ?

ਜੇ ਮੈਂ ਉਸ ਵਿਅਕਤੀ ਲਈ ਨਾਮਾਂਕਣ ਨਵੀਨੀਕਰਨ ਫਾਰਮ ਪ੍ਰਾਪਤ ਕਰਦਾ/ਦੀ ਹਾਂ ਜੋ ਹੁਣ ਆਪਣੇ ਪਤੇ ਤੇ ਨਹੀਂ ਰਹਿੰਦਾ/ਦੀ ਹੈ ਤਾਂ ਕੀ ਹੋਵੇਗਾ?

ਜੇ ਮੈਨੂੰ ਨਾਮਾਂਕਣ ਨਵੀਨੀਕਰਨ ਫਾਰਮ ਪ੍ਰਾਪਤ ਨਹੀਂ ਹੁੰਦਾ ਤਾਂ ਕੀ ਹੋਵੇਗਾ?

## ਚੁਣਾਵੀ ਹੱਦਾਂ

ਮੈਂ ਆਪਣੀ ਥਾਂ ਬਦਲੀ ਨਹੀਂ ਕੀਤੀ ਪਰ ਫੇਰ ਵੀ ਮੈਨੂੰ ਕਿਸੇ ਵੱਖਰੇ ਚੋਣ ਹਲਕੇ ਵਿੱਚ ਪਾ ਦਿੱਤਾ ਗਿਆ ਹੈ। ਕਿਉਂ?

## ਦੂਜੀਆਂ ਚੋਣਾਂ

ਪਾਰਲੀਮੈਂਟਰੀ ਉੱਪ-ਚੋਣਾਂ ਕੀ ਹਨ?

ਸਥਾਨਕ ਚੋਣਾਂ ਕੀ ਹਨ?

ਕੀ ਮੈਂ ਨਾਗਰਿਕ ਸਿਰਜੇ ਜਨਮੱਤ ਅਤੇ/ਜਾਂ ਸਰਕਾਰ ਸਿਰਜੇ ਜਨਮੱਤ ਵਿੱਚ ਵੋਟ ਪਾਉਣ ਦਾ/ਦੀ ਹੱਕਦਾਰ ਹਾਂ?

## ਹੋਰ ਜਾਣਕਾਰੀ

ਮੈਂ ਵਧੇਰੇ ਜਾਣਕਾਰੀ ਕਿਵੇਂ ਪ੍ਰਾਪਤ ਕਰਾਂ?

ਕੀ ਮੈਂ ਇਸ ਜਾਣਕਾਰੀ ਨੂੰ ਦੂਜੀਆਂ ਭਾਸ਼ਾਵਾਂ ਵਿੱਚ ਪ੍ਰਾਪਤ ਕਰ ਸਕਦਾ/ਦੀ ਹਾਂ?

ਤੁਹਾਡਾ ਨਿਉਜ਼ੀਲੈਂਡ ਪਾਰਲੀਮੈਂਟਰੀ ਚੋਣਾਂ ਵਿੱਚ ਵੋਟ ਪਾਉਣ ਲਈ ਨਾਂ ਦਰਜ ਹੋਣਾ ਲਾਜ਼ਮੀ ਹੈ।

ਘੱਟੋ-ਘੱਟ ਹਰ ਤਿੰਨੀ ਸਾਲੀ ਇੱਕ ਵਾਰ ਨਿਉਜ਼ੀਲੈਂਡ ਨਵੀਂ ਪਾਰਲੀਮੈਂਟ ਅਤੇ ਸਰਕਾਰ ਨੂੰ ਚੁਣਨ ਲਈ ਅਵਾਮੀ ਚੋਣਾਂ ਦਾ ਆਯੋਜਨ ਕਰਦਾ ਹੈ। ਇਸ ਵਿੱਚ ਅਵਾਮੀ ਅਤੇ ਮਾਉਰੀ ਚੋਣ ਹਲਕੇ ਹਨ। ਹਰੇਕ ਚੋਣ ਹਲਕੇ ਕੋਲ ਹਰ ਉਸ ਵਿਅਕਤੀ ਦੀ ਨਾਮਾਵਲੀ, ਜਾਂ ਸੂਚੀ ਹੁੰਦੀ ਹੈ ਜਿਸਦਾ ਵੋਟ ਪਾਉਣ ਲਈ ਨਾਂ ਦਰਜ ਕੀਤਾ ਜਾਂਦਾ ਹੈ। ਜੇ ਤੁਹਾਡੀ ਉਮਰ 18 ਸਾਲ ਜਾਂ ਇਸ ਤੋਂ ਵਧ ਹੈ ਅਤੇ ਅਜਿਹੇ ਕਨੂੰਨ ਵਿੱਚ ਨਾਂ ਦਰਜ ਕਰਵਾਉਣ ਦੇ ਪਾਤਰ ਹੋ ਜਿਸਦੇ ਮੁਤਾਬਕ ਤੁਹਾਡਾ ਨਾਮਾਵਲੀ ਵਿੱਚ ਹੋਣਾ ਲਾਜ਼ਮੀ ਹੈ। ਜੇ ਤੁਹਾਡੀ ਉਮਰ 17 ਸਾਲ ਹੈ ਤਾਂ ਤੁਸੀਂ ਅਸਥਾਈ ਤੌਰ ਤੇ ਨਾਂ ਦਰਜ ਕਰਵਾ ਸਕਦੇ ਹੋ। ਇੱਕ ਵਾਰੀ ਨਾਂ ਦਰਜ ਕਰਵਾ ਲੈਣ ਤੇ ਤੁਹਾਡੇ ਲਈ ਆਪਣੇ ਵੇਰਵਿਆਂ ਨੂੰ ਨਵੀਨਤਮ ਬਣਾਉਣਾ ਲਾਜ਼ਮੀ ਹੁੰਦਾ ਹੈ। ਰਜਿਸਟਰਾਰ ਆਫ ਇਲੈਕਟਰਸ(ਚੋਣਕਾਰਾਂ ਦੇ ਰਜਿਸਟਰਾਰ), ਜੋ ਨਿਉਜ਼ੀਲੈਂਡ ਪੋਸਟ ਲਿਮਟਡ ਲਈ ਕੰਮ ਕਰਦੇ ਹਨ, ਨਾਮਾਵਲੀਆਂ ਦੀ ਦੇਖ-ਰੇਖ ਕਰਦੇ ਹਨ।

# ਵੋਟ ਪਾਉਣ ਲਈ ਨਾਮਾਂਕਣ ਕਰਨਾ

## ਕੀ ਮੈਂ ਨਾਂ ਦਰਜ ਕਰਵਾਉਣ ਲਈ ਪਾਤਰ ਹਾਂ?

ਤੁਸੀਂ ਪਾਤਰ ਹੋ ਅਤੇ ਕਨੂੰਨੀ ਤੌਰ ਤੇ ਨਾਂ ਦਰਜ ਕਰਵਾਉਣਾ ਲਾਜ਼ਮੀ ਹੈ ਜੇ:

- ਤੁਸੀਂ ਨਿਊਜ਼ੀਲੈਂਡ ਦੇ ਨਾਗਰਿਕ ਹੋ ਜਾਂ ਨਿਊਜ਼ੀਲੈਂਡ ਦੇ ਸਥਾਈ ਨਿਵਾਸੀ ਹੋ, ਅਤੇ,
- ਤੁਹਾਡੀ ਉਮਰ 18 ਸਾਲ, ਜਾਂ ਇਸ ਤੋਂ ਵਧ ਹੈ, ਅਤੇ,
- ਤੁਸੀਂ ਇੱਕ ਸਾਲ ਤੋਂ ਵਧ ਕਿਸੇ ਵੀ ਸਮੇਂ ਲਈ ਲਗਾਤਾਰ ਨਿਊਜ਼ੀਲੈਂਡ ਵਿੱਚ ਰਹੇ ਹੋ, ਅਤੇ,
- ਤੁਹਾਨੂੰ ਅਯੋਗ ਨਹੀਂ ਠਹਿਰਾਇਆ ਗਿਆ ਹੈ।

## ਕੀ ਮੈਂ ਨਾਂ ਦਰਜ ਕਰਵਾਉਣ ਲਈ ਪਾਤਰ ਨਹੀਂ ਹਾਂ?

ਤੁਸੀਂ ਨਾਂ ਨਹੀਂ ਦਰਜ ਕਰਵਾ ਸਕਦੇ ਜੇ:

- ਤੁਸੀਂ ਨਿਊਜ਼ੀਲੈਂਡ ਦੇ ਅਜਿਹੇ ਨਾਗਰਿਕ ਹੋ ਜੋ ਨਿਊਜ਼ੀਲੈਂਡ ਦੇ ਬਾਹਰ ਰਹਿੰਦੇ ਹੋ ਅਤੇ ਪਿਛਲੇ 3 ਸਾਲਾਂ ਵਿੱਚ ਨਿਊਜ਼ੀਲੈਂਡ ਵਿੱਚ ਨਹੀਂ ਆਏ ਹੋ।
- ਤੁਸੀਂ ਨਿਊਜ਼ੀਲੈਂਡ ਦੇ ਅਜਿਹੇ ਨਾਗਰਿਕ ਹੋ ਜੋ ਨਿਊਜ਼ੀਲੈਂਡ ਦੇ ਬਾਹਰ ਰਹਿੰਦੇ ਹੋ ਅਤੇ ਪਿਛਲੇ 12 ਮਹੀਨਿਆਂ ਵਿੱਚ ਨਿਊਜ਼ੀਲੈਂਡ ਵਿੱਚ ਨਹੀਂ ਆਏ ਹੋ।

(ਨੋਟ: ਇੱਥੇ ਉੱਪਰਲੇ ਦੋ ਨਿਯਮਾਂ ਲਈ ਅਪਵਾਦ ਹਨ। ਮਿਸਾਲ ਦੇ ਤੌਰ ਤੇ, ਜਨ ਸੇਵਕ ਜਾਂ ਡਿਫੈਂਸ ਫੋਰਸ ਦੇ ਮੈਂਬਰ ਜੋ ਨਿਊਜ਼ੀਲੈਂਡ ਤੋਂ ਬਾਹਰ ਡਿਊਟੀ ਤੇ ਹਨ, ਅਤੇ ਨਾਲ ਹੀ ਉਨ੍ਹਾਂ ਦੇ ਪਰਿਵਾਰਾਂ ਦੇ ਜੀਅ।)

ਅਯੋਗ ਠਹਿਰਾਏ ਜਾਣ ਦੀਆਂ ਹੋਰ ਵੀ ਵਜ੍ਹਾਂ ਹਨ ਜੋ ਬਹੁਤ ਥੋੜੇ ਲੋਕਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਚੋਣਕਾਰਾਂ ਦੇ ਰਜਿਸਟਰਾਰਾਂ ਨੂੰ ਅਜਿਹੇ ਕਿਸੇ ਵਜ੍ਹਾ ਨਾਲ ਢਾਕਵੇਂ ਲੋਕਾਂ ਦੀ ਸੂਚਨਾ ਦਿੱਤੀ ਜਾਂਦੀ ਹੈ। ਜੇ ਅਯੋਗ ਠਹਿਰਾਏ ਜਾਣ ਦੀ ਕਿਸੇ ਹੋਰ ਵਜ੍ਹਾ ਬਾਰੇ ਤੁਹਾਡੇ ਕੋਈ ਸੁਆਲ ਜਾਂ ਚਿੰਤਾਵਾਂ ਹਨ, ਤਾਂ 0800 ਹੁਣੇ ਹੀ ਨਾਂ ਦਰਜ ਕਰਵਾਓ (0800 36 76 56) ਤੇ ਕਾਲ ਕਰੋ ਜਾਂ ਸਾਡੀ ਵੈੱਬਸਾਈਟ – elections.org.nz ਦੇਖੋ।

## ਮੈਨੂੰ ਨਾਂ ਕਿਉਂ ਦਰਜ ਕਰਵਾਉਣਾ ਚਾਹੀਦਾ ਹੈ?

ਤੁਹਾਡਾ ਨਾਂ ਦਰਜ ਕਰਵਾਉਣਾ ਲਾਜ਼ਮੀ ਹੈ ਜੇ ਤੁਸੀਂ ਅਜਿਹਾ ਕਰਨ ਦੇ ਯੋਗ ਠਹਿਰਾਏ ਜਾਂਦੇ ਹੋ। ਨਾਂ ਦਰਜ ਕਰਵਾਉਣ ਨਾਲ ਤੁਹਾਨੂੰ ਵੋਟ ਪਾਉਣ ਦਾ ਮੌਕਾ ਮਿਲਦਾ ਹੈ। ਵੋਟ ਪਾਉਣਾ ਤੁਹਾਡੇ ਲਈ ਇਸ ਬਾਰੇ ਕਹਿਣ ਦਾ ਮੌਕਾ ਹੁੰਦਾ ਹੈ ਕਿ ਹਰੇਕ ਅਵਾਮੀ ਚੋਣਾਂ ਵਿੱਚ ਕਿਹੜੇ ਲੋਕਾਂ ਅਤੇ ਕਿਹੜੇ ਰਾਜਨੀਤਕ ਦਲਾਂ ਨੂੰ ਨਿਊਜ਼ੀਲੈਂਡ ਦੀ ਪਾਰਲੀਮੈਂਟ ਲਈ ਚੁਣਿਆ ਜਾਂਦਾ ਹੈ। ਤੁਹਾਡੇ ਕੋਲ ਸਥਾਨਕ ਕੌਂਸਿਲ ਅਤੇ ਜਿਲ੍ਹਾ ਸੇਹਤ ਬੋਰਡ ਚੋਣਾਂ ਅਤੇ ਕਿਸੇ ਜਨਮੱਤ ਜਾਂ ਮਤਦਾਨ ਵਿੱਚ ਵੀ ਵੋਟ ਪਾਉਣ ਦਾ ਮੌਕਾ ਹੁੰਦਾ ਹੈ।

## ਮੈਂ ਨਾਂ ਕਿਵੇਂ ਦਰਜ ਕਰਵਾ ਸਕਦਾ/ਦੀ ਹਾਂ?

ਕੇਵਲ “ਵੋਟ ਪਾਉਣ ਲਈ ਨਾਮਾਂਕਣ: ਅਰਜ਼ੀ” ਨਾਮਕ ਇੱਕ ਨਾਮਾਂਕਣ ਫਾਰਮ ਨੂੰ ਭਰੋ । ਤੁਹਾਡਾ ਚੁਣਾਵੀ ਨਾਮਾਵਲੀ ਵਿੱਚ ਪੰਜੀਕਰਨ ਲਈ ਅਰਜ਼ੀ ਦੇਣਾ ਲਾਜ਼ਮੀ ਹੈ, ਭਾਵੇਂ ਤੁਸੀਂ ਵੋਟ ਨਹੀਂ ਵੀ ਪਾਉਣਾ ਚਾਹੁੰਦੇ।

ਜੇ ਤੁਸੀਂ ਨਿਊਜ਼ੀਲੈਂਡ ਮਾਉਰੀ, ਜਾਂ ਨਿਊਜ਼ੀਲੈਂਡ ਮਾਉਰੀ ਦੇ ਵਾਰਸ ਹੋ, ਅਤੇ ਪਹਿਲੀ ਵਾਰ ਨਾਂ ਦਰਜ ਕਰਵਾ ਰਹੇ ਹੋ ਤਾਂ ਤੁਸੀਂ ਉਸ ਅਰਜ਼ੀ ਦੀ ਵਰਤੋਂ ਕਰ ਸਕਦੇ ਹੋ ਜਿਸ ਵਿੱਚ ਇਹ ਪੁੱਛਿਆ ਗਿਆ ਹੋਵੇ ਕਿ ਤੁਸੀਂ ਕਿਸ ਨਾਮਾਵਲੀ ਵਿੱਚ ਜਾਣਾ ਚਾਹੁੰਦੇ ਹੋ। ਤੁਸੀਂ ਮਾਉਰੀ ਜਾਂ ਅਵਾਮੀ ਨਾਮਾਵਲੀ ਦੇ ਵਿੱਚ ਕਿਸੇ ਇੱਕ ਨੂੰ ਚੁਣ ਸਕਦੇ ਹੋ।

## ਮੈਂ ਨਾਮਾਂਕਣ ਫਾਰਮ ਕਿੱਥੋਂ ਪ੍ਰਾਪਤ ਕਰਾਂ?

- ਇਸ ਪੁਸਤਿਕਾ ਦੇ ਪਿਛਲੇ ਪਾਸੇ ਕੂਪਨ ਨੂੰ ਭਰ ਕੇ ਭੇਜੋ ਅਤੇ ਅਸੀਂ ਇਸਨੂੰ ਤੁਹਾਨੂੰ ਭੇਜਾਂਗੇ (ਕੂਪਨ ਸਿਰਫ ਅੰਗ੍ਰੇਜ਼ੀ ਵਿੱਚ ਉਪਲਬਧ)।
- ਉਹ ਕਿਸੇ ਵੀ ਪੋਸਟਸ਼ਾਪ ਤੋਂ ਮੁਫਤ ਮਿਲਦੇ ਹਨ।
- 0800 ਹੁਣੇ ਹੀ ਨਾਂ ਦਰਜ ਕਰਵਾਓ (0800 36 76 56) ਤੇ ਸਾਨੂੰ ਮੁਫਤ ਫੋਨ ਕਰੋ, ਅਤੇ ਅਸੀਂ ਇਸਨੂੰ ਤੁਹਾਨੂੰ ਭੇਜਾਂਗੇ।
- 3676 ਤੇ ਆਪਣਾ ਨਾਂ ਅਤੇ ਪਤਾ ਲਿੱਖ ਕੇ ਮੁਫਤ ਸੰਦੇਸ਼ ਭੇਜੋ, ਅਤੇ ਅਸੀਂ ਇਸਨੂੰ ਤੁਹਾਨੂੰ ਭੇਜਾਂਗੇ।
- ਸਾਡੀ ਵੈੱਬਸਾਈਟ ਤੋਂ ਇਸਦੀ ਬੇਨਤੀ ਦਿਓ ਜਾਂ ਪ੍ਰਿੰਟ ਕਰਵਾਓ –

elections.org.nz.

ਤੁਹਾਡੇ ਦੁਆਰਾ ਇਸ ਫਾਰਮ ਨੂੰ ਭਰੇ ਜਾਣ ਮਗਰੋਂ ਇਸਨੂੰ ਕਿਸੇ ਵੀ ਪੋਸਟਸ਼ਾਪ (ਡਾਕਬਕਸੇ) ਵਿੱਚ ਪਾ ਦਿਓ (ਡਾਕ ਟਿਕਟ ਦੀ ਲੋੜ ਨਹੀਂ) ਅਤੇ ਇਸ ਪਤੇ ਤੇ ਭੇਜੋ:

**Freepost 2 Enrol**
**Electoral Enrolment Centre**
**P O Box 190, Wellington 6140**

## ਕੀ ਮੈਂ ਇੰਟਰਨੈੱਟ ਦੀ ਵਰਤੋਂ ਨਾਲ ਨਾਂ ਦਰਜ ਕਰਵਾ ਸਕਦਾ/ਦੀ ਹਾਂ?

ਹਾਂ, ਬਸ ਸਾਡੀ ਵੈੱਬਸਾਈਟ elections.org.nz ਤੇ ਜਾਓ ਅਤੇ "ਐਨਰੋਲ, ਚੈੱਕ ਜਾਂ ਅਪਡੇਟ" ਬਟਨ ਤੇ ਕਲਿੱਕ ਕਰੋ। ਆਪਣੇ ਨਾਮਾਂਕਣ ਵੇਰਵਿਆਂ ਨੂੰ ਭਰਣ ਲਈ ਇਨ੍ਹਾਂ ਕਦਮਾਂ ਦੀ ਪਾਲਣਾ ਕਰੋ। ਇਸ ਤੋਂ ਬਾਅਦ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਤੁਸੀਂ ਪਹਿਲਾਂ ਤੋਂ ਭਰੇ ਗਏ ਆਪਣੇ ਵੇਰਵਿਆਂ ਨਾਲ ਨਾਮਾਂਕਣ ਫਾਰਮ ਡਾਊਨਲੋਡ ਕਰਕੇ ਇਸਦਾ ਪ੍ਰਿੰਟ ਕੱਢ ਸਕਦੇ ਹੋ, ਇਸ ਤੇ ਹਸਤਾਖਰ ਕਰਕੇ ਇਸਨੂੰ ਭੇਜ ਸਕਦੇ ਹੋ।

ਨਹੀਂ ਤਾਂ ਫਿਰ, ਤੁਸੀਂ ਟ੍ਰਾਂਜ਼ੈਕਸ਼ਨ ਨੂੰ ਜਮਾਂ ਕਰਾ ਸਕਦੇ ਹੋ ਅਤੇ ਅਸੀਂ ਤੁਹਾਡੇ ਦੁਆਰਾ ਜਾਂਚਣ, ਹਸਤਾਖਰ ਕਰਨ ਅਤੇ ਵਾਪਸ ਭੇਜਣ ਲਈ ਪਹਿਲਾਂ ਤੋਂ ਪ੍ਰਿੰਟ ਕੀਤਾ ਵਿਅਕਤੀਗਤ ਫਾਰਮ ਭੇਜਾਂਗੇ। ਤੁਸੀਂ ਵੈੱਬਸਾਈਟ ਤੇ ਆਨਲਾਈਨ ਵੀ ਆਪਣੇ ਨਾਮਾਂਕਣ ਵੇਰਵਿਆਂ ਦੀ ਜਾਂਚ ਕਰ ਸਕਦੇ ਹੋ।

## ਕੀ ਮੈਂ ਇੰਟਰਨੈੱਟ ਦੀ ਵਰਤੋਂ ਨਾਲ ਆਪਣੇ ਵੇਰਵਿਆਂ ਨੂੰ ਨਵੀਨੀਕ੍ਰਿਤ ਕਰ ਸਕਦਾ/ਦੀ ਹਾਂ?

ਇੱਕ ਵਾਰੀ ਵਿਅਕਤੀ ਦੁਆਰਾ "ਵੋਟ ਪਾਉਣ ਲਈ ਨਾਮਾਂਕਣ: ਅਰਜ਼ੀ", ਜੋ ਇਹ ਦਰਸਾਏ ਕਿ ਉਹ ਇਸ ਸੇਵਾ ਨੂੰ ਚੁਣਨਾ ਚਾਹੁੰਦੇ ਹਨ, ਭਰੇ ਜਾਣ ਤੇ, ਅਤੇ ਰਜਿਸਟਰਾਰ ਆਫ ਇਲੈਕਟਰਸ ਦੁਆਰਾ ਮਨਜ਼ੂਰੀ ਦੇ ਦੇਣ ਤੇ ਉਹ ਇਲੈਕਟ੍ਰੋਨਿਕ ਰੂਪ ਵਿੱਚ ਆਪਣੇ ਨਾਮਾਂਕਣ ਵੇਰਵਿਆਂ ਨੂੰ ਨਵੀਨੀਕ੍ਰਿਤ ਕਰ ਸਕਦਾ ਹੈ। ਬਿਨੈਕਾਰ ਦੇ ਈ-ਮੇਲ ਪਤੇ ਦੇ ਵੀ ਲੋੜ ਹੁੰਦੀ ਹੈ।

ਨਾਮਾਂਕਣ ਵੇਰਵਿਆਂ ਦੇ ਇਲੈਕਟ੍ਰੋਨਿਕ ਨਵੀਨੀਕਰਨ ਤੇ igovt ਲੋਗੋਨ ਰਾਹੀਂ ਪਹੁੰਚ ਪ੍ਰਾਪਤ ਕੀਤੀ ਜਾਂਦੀ ਹੈ ਜਿਸ ਦੇ ਨਾਲ ਵੱਖ-ਵੱਖ ਸਰਕਾਰੀ ਆਨਲਾਈਨ ਸੇਵਾਵਾਂ ਤੇ ਪਹੁੰਚ ਪ੍ਰਾਪਤ ਕਰਨ ਲਈ ਇਸੇ ਲੋਗੋਨ ਵੇਰਵਿਆਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ - igovt ਸੁਰੱਖਿਅਤ ਹੈ ਅਤੇ ਤੁਹਾਡੀ ਗੋਪਨੀਅਤਾ ਬਰਕਰਾਰ ਰੱਖਦਾ ਹੈ।

ਇੱਕ ਵਾਰੀ ਤੁਹਾਡੇ ਨਾਮਾਂਕਣ ਤੇ ਕਾਰਵਾਈ ਹੋ ਜਾਣ ਤੇ ਤੁਹਾਨੂੰ ਚੋਣ ਨਾਮਾਂਕਣ ਆਨਲਾਈਨ ਸੇਵਾ ਦੇ ਨਾਲ ਪੰਜੀਕਰਨ ਕਾਰਵਾਈ ਪੂਰੀ ਕਰਨ ਲਈ ਤੁਹਾਡੇ ਅਰਜ਼ੀ ਫਾਰਮ ਤੇ ਦਿੱਤੇ ਗਏ ਈ-ਮੇਲ ਪਤੇ ਤੇ ਸੰਪਰਕ ਕੀਤਾ ਜਾਵੇਗਾ। ਇਸ ਲਈ ਜਾਂ ਤਾਂ ਤੁਹਾਨੂੰ igovt ਲੋਗੋਨ ਦਾ ਜੁਗਾੜ ਕਰਨ ਦੀ ਲੋੜ ਹੁੰਦੀ ਹੈ, ਜਾਂ ਆਪਣਾ ਪਹਿਲਾ igovt ਲੋਗੋਨ ਦਾ ਇਸਤੇਮਾਲ ਕਰ ਸਕਦੇ ਹੋ ਜੇ ਤੁਹਾਡਾ ਹੁੰਦਾ ਹੈ।

ਜੇ ਤੁਸੀਂ ਹੁਣ ਇਸ ਤੋਂ ਬਾਅਦ ਇਲੈਕਟ੍ਰੋਨਿਕ ਤੌਰ ਤੇ ਆਪਣੇ ਨਾਮਾਂਕਣ ਵੇਰਵਿਆਂ ਨੂੰ ਨਵੀਨੀਕ੍ਰਿਤ ਕਰਨ ਦੇ ਯੋਗ ਨਾ ਹੋਣ ਦਾ ਨਿਰਣਾ ਕਰਦੇ ਹੋ, ਤਾਂ ਤੁਹਾਨੂੰ ਰਜਿਸਟਰਾਰ ਆਫ ਇਲੈਕਟਰਸ ਨੂੰ ਸੂਚਿਤ ਕਰਨ ਦੀ ਲੋੜ ਹੁੰਦੀ ਹੈ ਕਿ ਤੁਸੀਂ ਇਲੈਕਟ੍ਰੋਨਿਕ ਟ੍ਰਾਂਜ਼ੈਕਸ਼ਨਾਂ ਦੇ ਵਿਕਲਪ ਦੀ ਚੋਣ ਕੀਤੀ ਹੈ। ਇਸ ਮੁਤਾਬਕ ਤੁਹਾਡੇ ਨਾਮਾਂਕਣ ਰਿਕਾਰਡ ਦੀ ਪਹੁੰਚ ਨੂੰ ਸੰਸ਼ੋਧਿਤ ਕੀਤਾ ਜਾਵੇਗਾ।

## ਕੀ ਮੈਂ 18 ਸਾਲ ਦਾ ਹੋਣ ਤੋਂ ਪਹਿਲਾਂ ਨਾਂ ਦਰਜ ਕਰਵਾ ਸਕਦਾ/ਦੀ ਹਾਂ?

ਹਾਂ, ਜਿਵੇਂ ਹੀ ਤੁਸੀਂ 17 ਸਾਲ ਦੇ ਹੁੰਦੇ ਹੋ, ਤੁਸੀਂ ਇੱਕ ਨਾਮਾਂਕਣ ਫਾਰਮ ਨੂੰ ਭਰ ਕੇ "ਅਸਥਾਈ ਨਾਮਾਂਕਣ" ਕਰਵਾ ਸਕਦੇ ਹੋ। ਜਦੋਂ ਤੁਸੀਂ 18 ਸਾਲ ਦੇ ਹੋਵੋਗੇ ਤੁਹਾਡਾ ਆਪਣੇ ਆਪ ਹੀ ਨਾਂ ਦਰਜ ਕਰ ਦਿੱਤਾ ਜਾਵੇਗਾ।

ਜਿਆਦਾ ਜਾਣਕਾਰੀ ਸਾਡੀ "ਤੁਹਾਡੇ 18 ਸਾਲ ਦੇ ਹੋਣ ਤੋਂ ਪਹਿਲਾਂ ਵੋਟ ਪਾਉਣ ਲਈ ਨਾਮਾਂਕਣ" ਨਾਮਕ ਪੁਸਤਿਕਾ ਵਿੱਚ ਉਪਲਬਧ ਹੈ। ਕਿਸੇ ਵੀ ਪੋਸਟਸ਼ਾਪ ਤੇ ਉਪਲਬਧ ਹੈ ਜਾਂ ਇਸਨੂੰ ਭੇਜਣ ਲਈ 0800 ਹੁਣੇ ਹੀ ਨਾਂ ਦਰਜ ਕਰਵਾਓ (0800 36 76 56) ਤੇ ਕਾਲ ਕਰੋ।

## ਮੈਂ ਅਪਾਹਜ ਹਾਂ। ਕੀ ਮੈਨੂੰ ਨਾਮਾਂਕਣ ਵਿੱਚ ਮਦਦ ਮਿਲ ਸਕਦੀ ਹੈ?

ਜੇ ਤੁਸੀਂ ਸਰੀਰਕ ਤੌਰ ਤੇ ਅਪਾਹਜ ਹੋ ਅਤੇ ਆਪਣੇ ਨਾਮਾਂਕਣ ਫਾਰਮ ਨੂੰ ਭਰ ਕੇ ਵਾਪਸ ਕਰਨ ਵਿੱਚ ਮਦਦ ਦੀ ਲੋੜ ਹੈ ਤਾਂ ਤੁਸੀਂ ਜੋ ਕਰ ਸਕਦੇ ਹੋ ਉਹ ਇਸ ਪ੍ਰਕਾਰ ਹੈ:

- ਤੁਸੀਂ ਇੱਕ ਪੰਜੀਕ੍ਰਿਤ ਚੋਣਕਾਰ ਤੋਂ ਫਾਰਮ ਭਰਵਾ ਅਤੇ ਹਸਤਾਖਰ ਕਰਵਾ ਸਕਦੇ ਹੋ। ਉਨ੍ਹਾਂ ਨੂੰ ਲਾਜ਼ਮੀ ਤੌਰ ਤੇ ਨਾਮਾਂਕਣ ਫਾਰਮ ਤੇ ਆਪਣੇ ਹਸਤਾਖਰ ਦੇ ਅੱਗੇ "ਚੋਣਕਾਰ ਸਰੀਰਕ ਤੌਰ ਤੇ ਅਪਾਹਜ - ਉਨ੍ਹਾਂ ਦੇ ਸੰਚਾਲਨ ਦੁਆਰਾ ਹਸਤਾਖਰ ਕੀਤੇ ਹਨ" ਪ੍ਰਿੰਟ ਕਰਨਾ ਚਾਹੀਦਾ ਹੈ।
- ਜਾਂ, ਤੁਸੀਂ ਉਸ ਵਿਅਕਤੀ ਕੋਲੋਂ ਫਾਰਮ ਭਰਵਾ ਅਤੇ ਹਸਤਾਖਰ ਕਰਵਾ ਸਕਦੇ ਹੋ ਜਿਸਦੇ ਕੋਲ ਤੁਹਾਡੇ ਵੱਲੋਂ ਮੁਖਤਾਰਨਾਮਾ ਹੈ। ਉਨ੍ਹਾਂ ਨੂੰ ਲਾਜ਼ਮੀ ਤੌਰ ਤੇ ਨਾਮਾਂਕਣ ਫਾਰਮ ਤੇ ਆਪਣੇ ਹਸਤਾਖਰ ਦੇ ਅੱਗੇ "ਚੋਣਕਾਰ ਸਰੀਰਕ ਤੌਰ ਤੇ ਅਪਾਹਜ - ਉਨ੍ਹਾਂ ਦੇ ਸੰਚਾਲਨ ਦੁਆਰਾ ਹਸਤਾਖਰ ਕੀਤੇ ਹਨ" ਪ੍ਰਿੰਟ ਕਰਨਾ ਚਾਹੀਦਾ ਹੈ।

ਜੇ ਤੁਹਾਡੇ ਪਰਿਵਾਰ ਦਾ ਕੋਈ ਜੀਅ ਮਾਨਸਿਕ ਤੌਰ ਤੇ ਅਯੋਗ ਹੈ ਤੁਸੀਂ ਉਨ੍ਹਾਂ ਦਾ ਨਾਂ ਦਰਜ ਕਰ ਸਕਦੇ ਹੋ। ਵੇਰਵਿਆਂ ਲਈ ਸਾਨੂੰ 0800 ਹੁਣੇ ਹੀ ਨਾਂ ਦਰਜ ਕਰਵਾਓ (0800 36 76 56) ਤੇ ਸਾਨੂੰ ਫੋਨ ਕਰੋ।

## ਮੇਰਾ ਪਰਿਵਾਰ ਜਾਂ ਦੋਸਤ ਵਿਦੇਸ਼ ਵਿੱਚ ਹਨ। ਕੀ ਮੈਂ ਉਨ੍ਹਾਂ ਦਾ ਨਾਂ ਦਰਜ ਕਰਵਾ ਸਕਦਾ/ਦੀ ਹਾਂ?

ਹਾਂ। ਬਸ਼ਰਤੇ ਇਸਦੇ ਕਿ ਉਹ ਨਾਂ ਦਰਜ ਕਰਵਾਉਣ ਦੇ ਯੋਗ ਠਹਿਰਾਏ ਗਏ ਹੋਣ ਤਾਂ ਤੁਸੀਂ ਉਨ੍ਹਾਂ ਦੇ ਨਾਮਾਂਕਣ ਫਾਰਮ ਨੂੰ ਭਰ ਸਕਦੇ ਹੋ। ਤੁਸੀਂ ਜੋ ਕਰ ਸਕਦੇ ਹੋ ਉਹ ਇਸ ਪ੍ਰਕਾਰ ਹੈ:

- ਜੇ ਤੁਸੀਂ ਇੱਕ ਪੰਜੀਕ੍ਰਿਤ ਚੋਣਕਾਰ ਹੋ ਤਾਂ ਤੁਸੀਂ ਉਨ੍ਹਾਂ ਦਾ ਫਾਰਮ ਭਰ ਕੇ ਹਸਤਾਖਰ ਕਰ ਸਕਦੇ ਹੋ। ਉਨ੍ਹਾਂ ਨੂੰ ਲਾਜ਼ਮੀ ਤੌਰ ਤੇ ਨਾਮਾਂਕਣ ਫਾਰਮ ਤੇ ਆਪਣੇ ਹਸਤਾਖਰ ਦੇ ਅੱਗੇ “ਚੋਣਕਾਰ ਸਰੀਰਕ ਤੌਰ ਤੇ ਅਪਾਹਜ - ਉਨ੍ਹਾਂ ਦੇ ਸੰਚਾਲਨ ਦੁਆਰਾ ਹਸਤਾਖਰ ਕੀਤੇ ਹਨ” ਪ੍ਰਿੰਟ ਕਰਨਾ ਚਾਹੀਦਾ ਹੈ।
- ਜਾਂ, ਜੇ ਤੁਹਾਡੇ ਕੋਲ ਉਨ੍ਹਾਂ ਦੁਆਰਾ ਮੁਖਤਾਰਨਾਮਾ ਹੈ ਤਾਂ ਤੁਸੀਂ ਉਨ੍ਹਾਂ ਦਾ ਫਾਰਮ ਭਰ ਕੇ ਹਸਤਾਖਰ ਕਰ ਸਕਦੇ ਹੋ। ਤੁਹਾਨੂੰ ਲਾਜ਼ਮੀ ਤੌਰ ਤੇ ਫਾਰਮ ਤੇ ਆਪਣੇ ਹਸਤਾਖਰ ਦੇ ਅੱਗੇ “ਚੋਣਕਾਰ ਵਿਦੇਸ਼ ਵਿੱਚ - ਮੁਖਤਾਰਨਾਮਾ” ਪ੍ਰਿੰਟ ਕਰਨਾ ਚਾਹੀਦਾ ਹੈ।

## ਅਪ੍ਰਕਾਸ਼ਤ ਨਾਮਾਵਲੀ ਕੀ ਹੈ?

ਜੇ ਤੁਹਾਨੂੰ ਲਗਦਾ ਹੈ ਕਿ ਪ੍ਰਿੰਟ ਕੀਤੀ ਨਾਮਾਵਲੀ ਤੇ ਤੁਹਾਡੇ ਵੇਰਵਿਆਂ ਨੂੰ ਦਰਜ ਕਰਨ ਦੇ ਨਾਲ ਤੁਹਾਡੀ ਨਿਜੀ ਸੁਰੱਖਿਆ ਨੂੰ ਖਤਰਾ ਪੈ ਸਕਦਾ ਹੈ, ਤਾਂ ਤੁਸੀਂ ਬੇਨਤੀ ਕਰ ਸਕਦੇ ਹੋ ਕਿ ਤੁਹਾਡਾ ਬਿਓਰਾ ਪ੍ਰਿੰਟ ਕੀਤੀ ਨਾਮਾਵਲੀ ਤੇ ਨਾ ਦਰਸਾਇਆ ਜਾਵੇ। ਤੁਹਾਨੂੰ ਇਸ ਲਈ ਇੱਕ ਅਲੱਗ ਅਰਜ਼ੀ ਦੇਣ ਅਤੇ ਆਪਣੇ ਨਿਜੀ ਹਲਾਤਾਂ ਦੇ ਕੁਝ ਸਬੂਤ ਦੇਣ ਦੀ ਲੋੜ ਹੋਵੇਗੀ, ਜਿਵੇਂ ਸੁਰੱਖਿਆ ਆਦੇਸ਼, ਹਿਰਾਸਤੀ ਆਦੇਸ਼, ਜਾਂ ਦਰੋਗਾ ਕੋਲੋਂ ਇੱਕ ਕਨੂੰਨੀ ਇਕਰਾਰ।

ਜਿਆਦਾ ਜਾਣਕਾਰੀ ਅਤੇ ਅਰਜ਼ੀ ਫਾਰਮ ਸਾਡੀ “ਅਪ੍ਰਕਾਸ਼ਤ ਚੁਣਾਵੀ ਨਾਮਾਵਲੀ ਬਾਰੇ ਤੁਹਾਡੇ ਦੁਆਰਾ ਜਾਣਨ ਯੋਗ ਸਾਰੀਆਂ ਚੀਜ਼ਾਂ” ਨਾਮਕ ਪੁਸਤਿਕਾ ਵਿੱਚ ਉਪਲਬਧ ਹੈ। ਕਿਸੇ ਵੀ ਪੋਸਟਸ਼ਾਪ ਤੇ ਉਪਲਬਧ ਹੈ ਜਾਂ ਇਸਨੂੰ ਭੇਜੇ ਜਾਣ ਲਈ 0800 ਹੁਣੇ ਹੀ ਨਾਂ ਦਰਜ ਕਰਵਾਓ (0800 36 76 56) ਤੇ ਕਾਲ ਕਰੋ।

## ਮੇਰੇ ਦੁਆਰਾ ਨਾਮਾਂਕਣ ਫਾਰਮ ਨੂੰ ਵਾਪਸ ਭੇਜੇ ਜਾਣ ਮਗਰੋਂ ਕੀ ਹੁੰਦਾ ਹੈ?

ਤੁਹਾਡਾ ਰਜਿਸਟਰਾਰ ਆਫ ਇਲੈਕਟਰਸ ਇਹ ਯਕੀਨੀ ਬਣਾਉਣ ਲਈ ਜਾਂਚ ਕਰੇਗਾ ਕਿ ਇਸਨੂੰ ਸਹੀ ਤਰ੍ਹਾਂ ਭਰਿਆ ਗਿਆ ਹੈ। ਜੇ ਅਜਿਹਾ ਹੈ, ਤਾਂ ਤੁਹਾਡਾ ਨਾਂ ਉਸ ਚੋਣ ਹਲਕੇ ਦੀ ਨਾਮਾਵਲੀ ਵਿੱਚ ਚਲਾ ਜਾਵੇਗਾ ਜਿਸ ਵਿੱਚ ਤੁਸੀਂ ਪਿਛਲੀ ਵਾਰ ਘੱਟੋ-ਘੱਟ ਇੱਕ ਮਹੀਨੇ ਲਈ ਰਹੇ ਹੋ। ਅਸੀਂ ਤੁਹਾਡੇ ਨਾਮਾਂਕਣ ਦੀ ਤਸਦੀਕ ਕਰਨ ਲਈ ਤੁਹਾਨੂੰ ਮੇਲ ਵਿੱਚ ਅਧਿਸੂਚਨਾ ਭੇਜਾਂਗੇ।

## ਮੈਨੂੰ ਕਿਹੜੀ ਜਾਣਕਾਰੀ ਦੇਣ ਦੀ ਲੋੜ ਹੈ?

ਕਿਰਪਾ ਕਰਕੇ ਨਾਮਾਂਕਣ ਫਾਰਮ ਤੇ ਦਿੱਤੇ ਸਾਰੇ ਸੁਆਲਾਂ ਦੇ ਜੁਆਬ ਦਿਓ ਤਾਂ ਜੋ ਅਸੀਂ ਤੁਹਾਡਾ ਨਾਂ ਸਹੀ ਤਰ੍ਹਾਂ ਦਰਜ ਕਰ ਸਕੀਏ। ਚੁਣਾਵੀ ਨਾਮਾਵਲੀ ਵਿੱਚ ਸਿਰਫ ਸਿਤਾਰੇ (*) ਦੇ ਨਿਸ਼ਾਨ ਵਾਲੀਆਂ ਮੱਦਾਂ ਨੂੰ ਹੀ ਪ੍ਰਿੰਟ ਕੀਤਾ ਜਾਵੇਗਾ।

*ਤੁਹਾਡਾ ਪੂਰਾ ਨਾਂ:

ਇਹ ਜਾਂਚਣ ਦੀ ਲੋੜ ਹੁੰਦੀ ਹੈ ਕਿ ਤੁਹਾਡਾ ਨਾਂ ਸਹੀ ਤਰ੍ਹਾਂ ਦਰਜ ਹੋ ਗਿਆ ਹੈ, ਅਤੇ ਇੱਕੋ ਪਰਿਵਾਰ ਦੇ ਨਾਂ ਜਾਂ ਇੱਕੋ ਜਿਹੇ ਨਾਵਾਂ ਵਾਲੇ ਲੋਕਾਂ ਦੇ ਦਰਮਿਆਨ ਪਛਾਣ ਬਣਾਉਣ ਦੀ ਲੋੜ ਹੁੰਦੀ ਹੈ।

ਜਨਮ ਤਾਰੀਖ:

ਇਹ ਤੁਹਾਡੇ ਰਜਿਸਟਰਾਰ ਆਫ ਇਲੈਕਟਰਸ ਨੂੰ ਇਹ ਦਰਸਾਉਂਦਾ ਹੈ ਕਿ ਨਾਂ ਦਰਜ ਕਰਵਾਉਣ ਲਈ ਤੁਹਾਡੀ ਉਮਰ ਵਾਜਬ ਹੈ ਅਤੇ ਇੱਕੋ ਜਿਹੇ ਨਾਂ ਵਾਲੇ ਲੋਕਾਂ ਦੇ ਦਰਮਿਆਨ ਪਛਾਣ ਬਣਾਉਣ ਵਿੱਚ ਵੀ ਸਾਡੀ ਮਦਦ ਕਰ ਸਕਦਾ ਹੈ।

ਹਸਤਾਖਰ ਅਤੇ ਤਾਰੀਖ:

ਜੇ ਤੁਸੀਂ ਨਿਊਜ਼ੀਲੈਂਡ ਮਾਊਰੀ ਹੋ, ਜਾਂ ਨਿਊਜ਼ੀਲੈਂਡ ਮਾਊਰੀ ਦੇ ਵਾਰਸ ਹੋ, ਤਾਂ ਤੁਹਾਡੇ ਲਈ ਜਾਂ ਤਾਂ ਮਾਊਰੀ ਫਲਕ ਜਾਂ ਅਵਾਮੀ ਫਲਕ ਵਿੱਚ ਹਸਤਾਖਰ ਦੇ ਨਾਲ ਤਾਰੀਖ ਪਾਉਣਾ ਲਾਜ਼ਮੀ ਹੈ। ਤੁਹਾਨੂੰ ਲਾਜ਼ਮੀ ਤੌਰ ਤੇ ਦੋਹਾਂ ਤੇ ਹਸਤਾਖਰ ਨਹੀਂ ਕਰਨੇ ਹਨ। ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਧਿਆਨ ਨਾਲ ਚੁਣੋ ਕਿ ਤੁਸੀਂ ਕਿਸ ਨਾਮਾਵਲੀ ਵਿੱਚ ਜਾਣਾ ਚਾਹੁੰਦੇ ਹੋ। ਹੋਰ ਸਾਰੇ ਲੋਕਾਂ ਦਾ ਅਵਾਮੀ ਫਲਕ ਵਿੱਚ ਹਸਤਾਖਰ ਦੇ ਨਾਲ ਤਾਰੀਖ ਪਾਉਣਾ ਲਾਜ਼ਮੀ ਹੈ। ਜੇ ਤੁਸੀਂ ਸਰੀਰਕ ਤੌਰ ਤੇ ਅਪਾਹਜ ਹੋ ਜਾਂ ਵਿਦੇਸ਼ ਵਿੱਚ ਹੋ, ਤਾਂ ਤੁਹਾਡੇ ਪੱਖੋਂ ਅਰਜ਼ੀ ਤੇ ਹਸਤਾਖਰ ਕੀਤੇ ਜਾ ਸਕਦੇ ਹਨ।

*ਰਿਹਾਇਸ਼ੀ ਪਤਾ:

ਇਹ ਤੁਹਾਡੇ ਘਰ ਦਾ ਪਤਾ ਹੈ। ਨਿਊਜ਼ੀਲੈਂਡ ਪੋਸਟ ਬਾਕਸ ਜਾਂ ਪੇਂਡੂ ਡਿਲੀਵਰੀ ਸੰਖਿਆ ਤੁਹਾਡੇ ਪਤੇ ਦਾ ਵਖਾਨ ਕਰਨ ਲਈ ਕਾਫੀ ਨਹੀਂ ਹੈ। ਸਾਨੂੰ ਤੁਹਾਡੇ ਘਰ ਦਾ ਪੂਰਾ ਪਤਾ ਚਾਹੀਦਾ ਹੁੰਦਾ ਹੈ ਤਾਂ ਜੋ ਅਸੀਂ ਤੁਹਾਡਾ ਨਾਂ ਚੋਣ ਹਲਕੇ ਵਿੱਚ ਦਰਜ ਕਰ ਸਕੀਏ ਜਿਸ ਵਿੱਚ ਤੁਸੀਂ ਰਹਿੰਦੇ ਹੋ'।

ਤੁਸੀਂ ਉਸ ਥਾਂ ਤੇ “ਰਹਿੰਦੇ” ਹੋ ਜਿੱਥੇ ਤੁਸੀਂ ਪਰਿਵਾਰਕ ਜਾਂ ਨਿਜੀ ਸਬੰਧਾਂ ਜਾਂ ਹੋਰ ਘਰੇਲੂ ਜਾਂ ਨਿਜੀ ਕਾਰਨਾਂ ਵਜੋਂ ਆਪਣਾ ਘਰ ਬਣਾਉਣ ਦੀ ਚੋਣ ਕਰਦੇ ਹੋ। ਤੁਸੀਂ ਕਦੀ-ਕਦਾਈਂ ਜਾਂ ਥੋੜੀ ਦੇਰ ਲਈ ਉਸ ਥਾਂ ਤੋਂ ਗੈਰਹਾਜ਼ਰ ਰਹਿੰਦੇ ਹੋ ਤਾਂ ਇਸਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਉੱਥੇ ਰਹਿੰਦੇ ਨਹੀਂ ਹੋ। ਆਪਣੀ ਨੌਕਰੀ ਜਾਂ ਪੜ੍ਹਾਈ (ਜਾਂ

ਆਪਣੇ ਪਤੀ/ਪਤਨੀ ਦੀ ਨੌਕਰੀ ਜਾਂ ਪੜ੍ਹਾਈ) ਦੋਹਾਂ ਕਾਰਨਾਂ ਵਜੋਂ ਆਪਣੇ ਰਹਿਣ ਵਾਲੀ ਥਾਂ ਤੋਂ ਗੈਰਹਾਜ਼ਰ ਰਹਿਣ ਨਾਲ ਇਸ ਤੇ ਕੋਈ ਪ੍ਰਭਾਵ ਨਹੀਂ ਪੈਂਦਾ। ਆਪਣੇ ਰਹਿਣ ਵਾਲੀ ਥਾਂ ਤੋਂ ਬਾਹਰ ਕੰਮ ਕਰਨ ਦਾ ਸਭ ਤੋਂ ਮਹੱਤਵਪੂਰਨ ਕਾਰਨ ਆਪਣਾ ਘਰ ਬਣਾਉਣ ਲਈ ਥਾਂ ਦੀ ਚੋਣ ਕਰਨਾ ਹੈ।

ਡਾਕ ਪਤਾ:

ਇਸਦੀ ਲੋੜ ਉਦੋਂ ਹੈ ਜੇ ਤੁਹਾਡਾ ਡਾਕ ਪਤਾ ਤੁਹਾਡੇ ਰਿਹਾਇਸ਼ੀ ਪਤੇ ਤੋਂ ਅਲੱਗ ਹੈ। ਸਾਨੂੰ ਤੁਹਾਡੇ ਨਾਮਾਂਕਣ ਦੀ ਤਸਦੀਕ ਕਰਨ ਲਈ ਤੁਹਾਨੂੰ ਲਿੱਖਣ ਦੀ ਲੋੜ ਹੁੰਦੀ ਹੈ।

*ਕੰਮ-ਕਾਰ:

ਇਹ ਇੱਕੋ ਜਿਹੇ ਨਾਂ ਵਾਲੇ ਲੋਕਾਂ ਦੇ ਦਰਮਿਆਨ ਪਛਾਣ ਕਰਨ ਵਿੱਚ ਵੀ ਸਾਡੀ ਮਦਦ ਕਰ ਸਕਦਾ ਹੈ। ਇਹ ਅਕਸਰ ਸੰਖੇਪ ਫਾਰਮ ਵਿੱਚ ਪ੍ਰਿੰਟ ਕੀਤੀ ਨਾਮਾਵਲੀ ਵਿੱਚ ਦਿਖਾਈ ਦੇ ਸਕਦਾ ਹੈ।

ਭਵਿੱਖ ਵਿੱਚ ਇਲੈਕਟ੍ਰੌਨਿਕ ਰੂਪ ਵਿੱਚ ਵੇਰਵਿਆਂ ਦਾ ਨਵੀਨੀਕਰਨ:

ਜੇ ਤੁਸੀਂ ਭਵਿੱਖ ਵਿੱਚ ਬਗੈਰ ਫਾਰਮ ਭਰੇ ਇਲੈਕਟ੍ਰੌਨਿਕ ਢੰਗ ਨਾਲ ਆਪਣੇ ਵੇਰਵਿਆਂ ਨੂੰ ਨਵੀਨੀਕ੍ਰਿਤ ਕਰਨਾ ਚਾਹੁੰਦੇ ਹੋ, ਤਾਂ “ਹਾਂ” ਗੋਲੇ ਤੇ ਨਿਸ਼ਾਨ ਲਗਾਓ ਅਤੇ ਫਾਰਮ ਦੇ ਪੁੱਠੇ ਪਾਸੇ ਖੰਡ ਡੀ ਵਿੱਚ ਆਪਣਾ ਈ-ਮੇਲ ਪਤਾ ਲਿਖੋ।

ਕੀ ਤੁਸੀਂ ਮਾਉਰੀ ਹੋ?

ਸਿਰਫ ਨਿਉਜ਼ੀਲੈਂਡ ਮਾਉਰੀ, ਜਾਂ ਨਿਉਜ਼ੀਲੈਂਡ ਮਾਉਰੀ ਦੇ ਵਾਰਸ ਹੀ “ਹਾਂ” ਗੋਲੇ ਤੇ ਸਹੀ ਲਗਾ ਕੇ ਜੁਆਬ ਦੇ ਸਕਦੇ ਹਨ। ਬਾਕੀ ਸਾਰੇ ਲੋਕਾਂ ਦਾ “ਨਹੀਂ” ਗੋਲੇ ਤੇ ਸਹੀ ਲਗਾਉਣਾ ਲਾਜ਼ਮੀ ਹੈ।

ਫੋਨ ਨੰਬਰ:

ਇਸਦੀ ਉਸ ਮਾਮਲੇ ਵਿੱਚ ਲੋੜ ਹੁੰਦੀ ਹੈ ਜਦੋਂ ਅਸੀਂ ਤੁਹਾਨੂੰ ਸੰਪਰਕ ਕਰਨਾ ਹੁੰਦਾ ਹੈ।

ਸਕੈੱਚ ਨਕਸ਼ਾ:

ਜੇ ਤੁਸੀਂ ਕਿਸੇ ਬਗੈਰ-ਸੰਖਿਆ ਵਾਲੇ ਪਤੇ ਤੇ ਰਹਿੰਦੇ ਹੋ, ਤਾਂ ਤੁਹਾਡੇ ਉਚਿਤ ਚੋਣ ਹਲਕੇ ਨੂੰ ਸਥਾਪਿਤ ਕਰਨ ਵਿੱਚ ਮਦਦ ਲਈ ਤੁਹਾਡੇ ਘਰ ਦੀ ਥਾਂ ਨੂੰ ਦਰਸਾਉਂਦੇ ਇੱਕ ਸਕੈੱਚ ਨਕਸ਼ੇ ਦੀ ਲੋੜ ਹੁੰਦੀ ਹੈ।

ਕੀ ਤੁਸੀਂ ਹਾਲ ਹੀ ਆਪਣਾ ਪਤਾ ਬਦਲਿਆ ਹੈ?

ਜੇ ਤੁਸੀਂ ਆਪਣੇ ਮੌਜੂਦਾ ਰਿਹਾਇਸ਼ੀ ਪਤੇ ਤੇ ਇੱਕ ਮਹੀਨੇ ਤੋਂ ਘੱਟ ਸਮੇਂ ਲਈ ਰਹੇ ਹੋ, ਤਾਂ ਕਿਰਪਾ ਕਰਕੇ ਇਨ੍ਹਾਂ ਫਲਕਾਂ ਨੂੰ ਪੂਰਾ ਕਰੋ।

ਨਿਉਜ਼ੀਲੈਂਡ ਵਾਸੀ ਵਿਦੇਸ਼ ਵਿੱਚ:

ਜੇ ਤੁਸੀਂ ਵਿਦੇਸ਼ ਵਿੱਚ ਹੋ ਤਾਂ ਤੁਹਾਡਾ ਸਿਰਫ ਇਨ੍ਹਾਂ ਫਲਕਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ। ਕਿਰਪਾ ਕਰਕੇ ਪ੍ਰਿੰਟ ਕਰੋ ਕਿ ਕਦੋਂ ਤੁਸੀਂ ਅਖੀਰਲੀ ਵਾਰ ਨਿਉਜ਼ੀਲੈਂਡ ਵਿੱਚ ਰਹੇ, ਜਦੋਂ ਤੁਸੀਂ ਵਿਦੇਸ਼ ਚਲੇ ਗਏ, ਅਤੇ ਪਿਛਲਾ ਪਤਾ ਜਿੱਥੇ ਤੁਸੀਂ ਨਿਉਜ਼ੀਲੈਂਡ ਨੂੰ ਛੱਡਣ ਤੋਂ ਪਹਿਲਾਂ ਘੱਟੋ-ਘੱਟ ਇੱਕ ਮਹੀਨੇ ਲਈ ਰਹੇ।

## ਮਾਓਰੀ ਨਾਮਾਂਕਣ

### ਮਾਓਰੀ ਚੁਣਾਵੀ ਵਿਕਲਪ?

ਜੇ ਤੁਸੀਂ ਨਿਊਜ਼ੀਲੈਂਡ ਮਾਓਰੀ ਹੋ, ਜਾਂ ਨਿਊਜ਼ੀਲੈਂਡ ਮਾਓਰੀ ਦੇ ਵਾਰਸ ਹੋ, ਤਾਂ ਤੁਸੀਂ ਮਾਓਰੀ ਜਾਂ ਅਵਾਮੀ ਨਾਮਾਵਲੀ ਵਿੱਚੋਂ ਕਿਸੇ ਇੱਕ ਨੂੰ ਚੁਣ ਸਕਦੇ ਹੋ।

### ਮੈਂ ਨਿਊਜ਼ੀਲੈਂਡ ਮਾਓਰੀ ਹਾਂ। ਮੈਂ ਕਿਵੇਂ ਚੁਣਾਂ ਕਿ ਕਿਹੜੀ ਨਾਮਾਵਲੀ ਵਿੱਚ ਜਾਣਾ ਹੈ?

ਆਮ ਤੌਰ ਤੇ ਹਰ ਪੰਜੀ ਸਾਲੀ, ਚੁਣਾਵੀ ਨਾਮਾਵਲੀਆਂ ਤੇ ਹਰ ਵਿਅਕਤੀ ਨੂੰ ਇੱਕ ਮਾਓਰੀ ਚੁਣਾਵੀ ਵਿਕਲਪ ਭੇਜਿਆ ਜਾਂਦਾ ਹੈ ਜਿਸ ਵਿੱਚ ਦੱਸਿਆ ਜਾਂਦਾ ਹੈ ਕਿ ਉਹ ਨਿਊਜ਼ੀਲੈਂਡ ਮਾਓਰੀ ਦੇ ਵਾਰਸ ਹਨ। ਇਸ ਫਾਰਮ ਦੀ ਵਰਤੋਂ ਇਹ ਚੁਣਨ ਲਈ ਕੀਤੀ ਜਾਂਦੀ ਹੈ ਕਿ ਤੁਸੀਂ ਮਾਓਰੀ ਨਾਮਾਵਲੀ ਵਿੱਚ ਜਾਣਾ ਚਾਹੁੰਦੇ ਹੋ ਜਾਂ ਅਵਾਮੀ ਨਾਮਾਵਲੀ ਵਿੱਚ। ਇਸਨੂੰ ਮਾਓਰੀ ਚੁਣਾਵੀ ਵਿਕਲਪ ਅਭਿਆਸ ਕਿਹਾ ਜਾਂਦਾ ਹੈ।

### ਜੇ ਮੈਂ ਮਾਓਰੀ ਹਾਂ ਅਤੇ ਪਹਿਲੀ ਵਾਰ ਨਾਂ ਦਰਜ ਕਰਵਾ ਰਿਹਾ/ਰਹੀ ਹਾਂ ਤਾਂ ਕੀ ਹੋਵੇਗਾ?

ਜੇ ਤੁਸੀਂ ਨਿਊਜ਼ੀਲੈਂਡ ਮਾਓਰੀ ਹੋ ਤਾਂ ਤੁਸੀਂ ਨਾਮਾਂਕਣ ਫਾਰਮ ਤੇ ਢੁੱਕਵੇਂ ਫਲਕ ਤੇ ਹਸਤਾਖਰ ਕਰਕੇ ਇਹ ਚੁਣ ਸਕਦੇ ਹੋ ਕਿ ਕਿਸ ਕਿਸਮ ਦੀ ਨਾਮਾਵਲੀ ਵਿੱਚ ਜਾਣਾ ਹੈ। ਇੱਕ ਵਾਰ ਆਪਣਾ ਵਿਕਲਪ ਲੈ ਲੈਣ ਤੇ ਤੁਸੀਂ ਅਗਲੇ ਮਾਓਰੀ ਚੁਣਾਵੀ ਵਿਕਲਪ ਅਭਿਆਸ ਤਕ ਉਸਨੂੰ ਬਦਲ ਨਹੀਂ ਸਕਦੇ।

### ਮਾਓਰੀ ਚੁਣਾਵੀ ਵਿਕਲਪ ਅਕਸਰ ਕਿੰਨੀ ਵਾਰ ਆਯੋਜਿਤ ਹੁੰਦਾ ਹੈ?

ਮਾਓਰੀ ਚੁਣਾਵੀ ਵਿਕਲਪ ਆਮ ਤੌਰ ਤੇ ਹਰ ਪੰਜੀ ਸਾਲੀ ਇੱਕ ਵਾਰ ਚਾਰ-ਮਹੀਨੇ ਦੀ ਅਵਧੀ ਤੇ ਜਨਸੰਖਿਆ ਅਤੇ ਆਵਾਸ ਗਣਨਾ ਤੋਂ ਬਾਅਦ ਆਯੋਜਿਤ ਹੁੰਦਾ ਹੈ ਅਤੇ ਇਹ ਮਾਓਰੀ ਚੋਣਕਾਰਾਂ ਨੂੰ ਨਾਮਾਵਲੀ ਕਿਸਮ, ਜਿਸ ਵਿੱਚ ਉਨ੍ਹਾਂ ਦਾ ਨਾਂ ਦਰਜ ਕੀਤਾ ਗਿਆ ਹੈ, ਦੀ ਸਮੀਖਿਆ ਕਰਨ ਅਤੇ ਬਦਲਣ ਦਾ ਮੌਕਾ ਦਿੰਦਾ ਹੈ।

### ਮੈਂ ਪੈਸਿਫਿਕ ਆਈਲੈਂਡ੍ਜ਼ ਪੋਲੀਨੇਸ਼ਿਅਨ ਹਾਂ। ਕੀ ਮੈਂ ਮਾਓਰੀ ਨਾਮਾਵਲੀ ਵਿੱਚ ਜਾ ਸਕਦਾ/ਦੀ ਹਾਂ?

ਨਹੀਂ। ਇਹ ਸਿਰਫ ਨਿਊਜ਼ੀਲੈਂਡ ਮਾਓਰੀ ਅਤੇ ਨਿਊਜ਼ੀਲੈਂਡ ਮਾਓਰੀ ਦੇ ਵਾਰਸਾਂ ਲਈ ਹੈ। ਕੁੱਕ ਆਈਲੈਂਡ੍ਜ਼ ਮਾਓਰੀ ਅਤੇ ਹੋਰ ਪੈਸਿਫਿਕ ਆਈਲੈਂਡਰ੍ਜ਼, ਜਿਨ੍ਹਾਂ ਨੂੰ ਨਾਂ ਦਰਜ ਕਰਵਾਉਣ ਲਈ ਯੋਗ ਠਹਿਰਾਇਆ ਗਿਆ ਹੈ, ਅਵਾਮੀ ਨਾਮਾਵਲੀ ਵਿੱਚ ਜਾਂਦੇ ਹਨ।

ਜਿਆਦਾ ਜਾਣਕਾਰੀ ਸਾਡੀ "ਨਿਉਜੀਲੈਂਡ ਮਾਉਰੀ ਹੋਣ ਦੇ ਨਾਤੇ ਵੋਟ ਪਾਉਣ ਲਈ ਨਾਮਾਂਕਣ" ਨਾਮਕ ਪੁਸਤਿਕਾ ਵਿੱਚ ਉਪਲਬਧ ਹੈ।

## ਚੁਣਾਵੀ ਨਾਮਾਵਲੀਆਂ

### ਪਾਰਲੀਮੈਂਟਰੀ ਚੁਣਾਵੀ ਨਾਮਾਵਲੀ ਕੀ ਹੈ?

ਨਾਮਾਵਲੀ ਇੱਕ ਅਜਿਹੀ ਕਿਤਾਬ ਹੈ ਜਿਸ ਵਿੱਚ ਚੋਣ ਹਲਕੇ ਵਿੱਚ ਨਾਂ ਦਰਜ ਕਰਵਾਏ ਗਏ ਹਰ ਇੱਕ ਵਿਅਕਤੀ ਦੀ ਸੂਚੀ ਹੈ। ਇਸ ਵਿੱਚ ਉਨ੍ਹਾਂ ਦੇ ਨਾਂ, ਰਿਹਾਇਸ਼ੀ ਪਤਾ ਅਤੇ ਕੰਮ-ਕਾਰ ਸ਼ਾਮਲ ਹੁੰਦਾ ਹੈ। ਹਰ ਇੱਕ ਵਿਅਕਤੀ ਨੂੰ ਇਸਨੂੰ ਦੇਖਣ ਦਾ ਅਧਿਕਾਰ ਹੁੰਦਾ ਹੈ। ਪਾਰਲੀਮੈਂਟਰੀ ਚੋਣਾਂ ਦੇ ਸਾਲਾਂ ਨੂੰ ਛੱਡ ਕੇ ਹਰ ਸਾਲ ਇਹ ਨਵੀਂ ਪ੍ਰਕਾਸ਼ਿਤ ਹੁੰਦੀ ਹੈ। ਉਨ੍ਹਾਂ ਸਾਲਾਂ ਵਿੱਚ ਦੋ ਪ੍ਰਕਾਸ਼ਤ ਹੁੰਦੀਆਂ ਹਨ; ਪਹਿਲੀ ਸਾਰਿਆਂ ਦੁਆਰਾ ਜਾਂਚਣ ਲਈ ਕਿ ਕੀ ਉਨ੍ਹਾਂ ਨੂੰ ਸਹੀ ਤਰ੍ਹਾਂ ਸੂਚੀਬੱਧ ਕੀਤਾ ਗਿਆ ਹੈ, ਦੂਜੀ ਚੋਣ ਦਿਵਸ ਤੇ ਵਰਤੀ ਜਾਂਦੀ ਹੈ।

### ਮੈਂ ਚੁਣਾਵੀ ਨਾਮਾਵਲੀ ਕਿੱਥੋਂ ਦੇਖ ਸਕਦਾ/ਦੀ ਹਾਂ?

ਹਰੇਕ ਰਜਿਸਟਰਾਰ ਆਫ ਇਲੈਕਟਰਸ ਦੇ ਦਫਤਰ ਅਤੇ ਸਾਰਵਜਨਿਕ ਪੁਸਤਕਾਲੇ ਕੋਲ ਨਿਊਜ਼ੀਲੈਂਡ ਦੀਆਂ ਸਾਰੀਆਂ ਨਾਮਾਵਲੀਆਂ ਹੁੰਦੀਆਂ ਹਨ। ਇਸ ਤੋਂ ਇਲਾਵਾ, ਹਰੇਕ ਪੋਸਟਸ਼ਾਪ ਕੋਲ ਆਪਣੇ ਇਲਾਕੇ ਦੀਆਂ ਅਵਾਮੀ ਅਤੇ ਮਾਓਰੀ ਨਾਮਾਵਲੀ ਦੀਆਂ ਕਾਪੀਆਂ ਹੁੰਦੀਆਂ ਹਨ। ਕਈ ਸਾਰੀਆਂ ਵੱਡੀਆਂ ਪੋਸਟਸ਼ਾਪਾਂ ਕੋਲ ਨੇੜਲੇ ਚੋਣ ਹਲਕੇ ਦੀਆਂ ਨਾਮਾਵਲੀਆਂ ਵੀ ਹੁੰਦੀਆਂ ਹਨ।

ਵਿਕਲਪਿਕ ਤੌਰ ਤੇ, ਤੁਸੀਂ ਸਾਡੀ ਵੈੱਬਸਾਈਟ ਤੇ ਆਪਣੇ ਨਾਮਾਂਕਣ ਵੇਰਵਿਆਂ ਨੂੰ ਜਾਂਚ ਸਕਦੇ ਹੋ - elections.org.nz।

### ਚੁਣਾਵੀ ਜਾਣਕਾਰੀ ਦੀ ਵਰਤੋਂ ਕਿਸ ਲਈ ਕੀਤੀ ਜਾਂਦੀ ਹੈ?

ਜਦੋਂ ਤੁਸੀਂ ਨਾਂ ਦਰਜ ਕਰਵਾਉਂਦੇ ਹੋ, ਤਾਂ ਤੁਹਾਡੇ ਚੋਣ ਹਲਕੇ ਲਈ ਪ੍ਰਿੰਟ ਕੀਤੀ ਨਾਮਾਵਲੀ ਤੇ ਸਿਰਫ ਤੁਹਾਡਾ ਨਾਂ, ਰਿਹਾਇਸ਼ੀ ਪਤਾ ਅਤੇ ਕੰਮ-ਕਾਰ ਹੀ ਦਿਖਾਈ ਦੇਵੇਗਾ। ਇਹ ਦਸਤਾਵੇਜ਼ ਜਨਤਾ ਦੇ ਕਿਸੇ ਵੀ ਸਦੱਸ ਦੁਆਰਾ ਜਾਂਚ-ਪੜਤਾਲ ਕੀਤੇ ਜਾਣ ਲਈ ਖੁੱਲ੍ਹਾ ਹੈ। ਤੁਹਾਡੇ ਉਮਰ ਸਮੂਹ, ਡਾਕ ਪਤੇ ਜਾਂ ਮਾਓਰੀ ਕੁਲ (ਜੇ ਲਾਗੂ ਹੋਵੇ) ਦੇ ਨਾਲ ਇਹ ਜਾਣਕਾਰੀ ਵਿਗਿਆਨਿਕ ਜਾਂ ਸੇਹਤ ਖੋਜਕਰਤਾਵਾਂ, ਉਮੀਦਵਾਰਾਂ, ਪਾਰਲੀਮੈਂਟ ਜਾਂ ਰਾਜਨੀਤਕ ਦਲਾਂ ਦੇ ਮੈਂਬਰਾਂ ਨੂੰ ਸਪਲਾਈ ਕੀਤੀ ਜਾਂਦੀ ਹੈ। ਇਹ ਜਾਣਕਾਰੀ ਉਨ੍ਹਾਂ ਦੇ ਅਤੇ ਜਿਲ੍ਹਾ ਸੇਹਤ ਬੋਰਡ ਚੋਣਾਂ, ਜਨਮੱਤ ਅਤੇ ਨਾਮਾਵਲੀਆਂ ਲਈ ਸਥਾਨਕ ਕੌਂਸਿਲਾਂ ਨੂੰ ਵੀ ਮੁਹੱਈਆ ਕੀਤੀ ਜਾਂਦੀ ਹੈ। ਚੁਣਾਵੀ ਜਾਣਕਾਰੀ ਦੀ ਵਰਤੋਂ ਕਰਦੇ ਹੋਏ ਜਿਊਰੀ (ਨਿਰਣਾਇਕ ਸਮਿਤੀ) ਨੂੰ ਵੀ ਇਕੱਤਰ ਕੀਤਾ ਜਾਂਦਾ ਹੈ।

## ਆਪਣੇ ਨਾਮਾਂਕਨ ਵੇਰਵਿਆਂ ਨੂੰ ਨਵੀਨਤਮ ਰੱਖਣਾ

### ਜੇ ਮੈਂ ਆਪਣਾ ਪਤਾ ਬਦਲਦਾ/ਦੀ ਹਾਂ ਤਾਂ ਮੈਨੂੰ ਕੀ ਕਰਨਾ ਹੈ?

ਆਪਣੇ ਜਾਣ ਤੋਂ ਬਿਲਕੁਲ ਪਹਿਲਾਂ, ਕਿਸੇ ਵੀ ਪੋਸਟਸ਼ਾਪ ਵਿੱਚ ਇੱਕ ਨਿਊਜ਼ੀਲੈਂਡ ਪੋਸਟ "ਮੇਲ ਰੀ-ਡਾਇਰੈਕਸ਼ਨ ਰਿਕ੍ਵੈਸਟ" ਫਾਰਮ ਭਰੋ। ਤੁਸੀਂ ਆਪਣੀ ਡਾਕ ਆਪਣੇ ਨਵੇਂ ਪਤੇ ਤੇ ਪ੍ਰਾਪਤ ਕਰੋਗੇ, ਅਤੇ ਨਾਲ ਹੀ ਤੁਹਾਡੇ ਰਜਿਸਟਰਾਰ ਆਫ ਇਲੈਕਟਰਸ ਨੂੰ ਵੀ ਸੂਚਿਤ ਕਰ ਦਿੱਤਾ ਜਾਵੇਗਾ ਕਿ ਤੁਸੀਂ ਆਪਣੀ ਥਾਂ ਬਦਲ ਲਈ ਹੈ।

ਜੇ ਤੁਹਾਡਾ ਨਵਾਂ ਪਤਾ ਉਸੇ ਚੋਣ ਹਲਕੇ ਵਿੱਚ ਹੈ, ਤਾਂ ਤੁਹਾਡੇ ਰਜਿਸਟਰਾਰ ਆਫ ਇਲੈਕਟਰਸ ਬਸ ਤੁਹਾਡੇ ਅਸਥਾਈ ਨਾਮਾਂਕਣ ਨੂੰ ਨਵੀਨੀਕ੍ਰਿਤ ਕਰਣਗੇ ਅਤੇ ਤੁਹਾਨੂੰ ਪੁਸ਼ਟੀ ਦੀ ਇੱਕ ਨਵੀਂ ਸੂਚਨਾ ਭੇਜਣਗੇ।

ਹਾਲਾਂਕਿ, ਜੇ ਤੁਸੀਂ ਨਵੇਂ ਚੋਣ ਹਲਕੇ ਵਿੱਚ ਜਾਂਦੇ ਹੋ, ਤਾਂ ਤੁਹਾਡੇ ਦੁਆਰਾ ਜਾਂਚਣ, ਹਸਤਾਖਰ ਕਰਕੇ ਵਾਪਸ ਭੇਜਣ ਲਈ ਤੁਹਾਨੂੰ ਪਹਿਲਾਂ ਤੋਂ ਪ੍ਰਿੰਟ ਕੀਤਾ ਵਿਅਕਤੀਗਤ ਨਾਮਾਂਕਨ ਫਾਰਮ ਭੇਜ ਦਿੱਤਾ ਜਾਵੇਗਾ। ਤੁਹਾਡੇ ਵੱਲੋਂ ਹਸਤਾਖਰ ਕੀਤਾ ਫਾਰਮ ਪ੍ਰਾਪਤ ਕਰਨ ਤੋਂ ਬਾਅਦ, ਤੁਹਾਡੇ ਨਵੇਂ ਚੋਣ ਹਲਕੇ ਦੇ ਰਜਿਸਟਰਾਰ ਆਫ ਇਲੈਕਟਰਸ ਤੁਹਾਡਾ ਨਾਂ ਦਰਜ ਕਰਣਗੇ ਅਤੇ ਤੁਹਾਨੂੰ ਪੁਸ਼ਟੀ ਦੀ ਸੂਚਨਾ ਭੇਜਣਗੇ।
ਜੇ ਰਜਿਸਟਰਾਰ ਆਫ ਇਲੈਕਟਰਸ ਕਿਸੇ ਅਸਥਾਈ ਨਾਮਾਂਕਣ ਸੂਚੀ ਵਿੱਚ ਤੁਹਾਡਾ ਨਾਂ ਨਹੀਂ ਲੱਭ ਪਾਉਂਦੇ, ਤਾਂ ਉਹ ਤੁਹਾਡੇ ਨਵੇਂ ਪਤੇ ਤੇ ਇੱਕ ਨਾਮਾਂਕਣ ਫਾਰਮ ਭੇਜਣਗੇ।

ਨਹੀਂ ਤਾਂ ਫਿਰ, ਤੁਸੀਂ ਇੱਕ ਨਵੇਂ ਨਾਮਾਂਕਣ ਫਾਰਮ ਨੂੰ ਭਰ ਸਕਦੇ ਹੋ ਜਾਂ ਸਾਡੀ ਵੈੱਬਸਾਈਟ ਤੇ ਜਾ ਸਕਦੇ ਹੋ - elections.org.nz - ਅਤੇ ਆਪਣੇ ਪਤੇ ਨੂੰ ਆਨਲਾਈਨ ਨਵੀਨੀਕ੍ਰਿਤ ਕਰ ਸਕਦੇ ਹੋ।

### ਜੇ ਮੈਂ ਆਪਣਾ ਨਾਂ ਜਾਂ ਕੰਮ-ਕਾਰ ਬਦਲਦਾ/ਦੀ ਹਾਂ ਤਾਂ ਮੈਨੂੰ ਕੀ ਕਰਨਾ ਹੈ?

ਜੇ ਤੁਸੀਂ ਆਪਣਾ ਨਾਂ ਜਾਂ ਕੰਮ-ਕਾਰ ਬਦਲਦੇ ਹੋ ਤਾਂ ਤੁਹਾਨੂੰ ਛੇਤੀ ਤੋਂ ਛੇਤੀ ਇਸ ਤਬਦੀਲੀ ਦੀ ਸੂਚਨਾ ਲਿਖਤੀ ਰੂਪ ਵਿੱਚ ਆਪਣੇ ਰਜਿਸਟਰਾਰ ਆਫ ਇਲੈਕਟਰਸ ਨੂੰ ਦੇਣੀ ਚਾਹੀਦੀ ਹੈ। ਨਹੀਂ ਤਾਂ ਫਿਰ, ਤੁਸੀਂ ਇੱਕ ਨਵਾਂ ਨਾਮਾਂਕਣ ਫਾਰਮ ਭਰ ਸਕਦੇ ਹੋ ਜਾਂ ਸਾਡੀ ਵੈੱਬਸਾਈਟ ਤੇ ਆਪਣੇ ਵੇਰਵਿਆਂ ਨੂੰ ਨਵੀਨੀਕ੍ਰਿਤ ਕਰ ਸਕਦੇ ਹੋ – elections.org.nz.

### ਜੇ ਮੈਂ ਆਪਣੇ ਵੇਰਵਿਆਂ ਨੂੰ ਨਵੀਨੀਕ੍ਰਿਤ ਕਰਨਾ ਭੁੱਲ ਜਾਵਾਂ ਤਾਂ ਕੀ ਹੁੰਦਾ ਹੈ?

ਜੇ ਤੁਸੀਂ ਆਪਣੇ ਵੇਰਵਿਆਂ ਨੂੰ ਨਵੀਨੀਕ੍ਰਿਤ ਕਰਨਾ ਭੁੱਲ ਜਾਂਦੇ ਹੋ ਤਾਂ ਅਸੀਂ ਤੁਹਾਨੂੰ ਨਾਮਾਂਕਣ ਨਵੀਨੀਕਰਨ ਮੁਹਿੰਮ ਦੇ ਦੌਰਾਨ ਸੰਪਰਕ ਨਹੀਂ ਕਰ ਸਕਾਂਗੇ ਅਤੇ ਤੁਹਾਡਾ ਨਾਂ ਨਾਮਾਵਲੀ ਤੋਂ ਹਟਾ ਦਿੱਤਾ ਜਾਵੇਗਾ। ਫਿਰ ਤੁਹਾਨੂੰ ਦੁਬਾਰਾ ਨਾਂ ਦਰਜ ਕਰਵਾਉਣਾ ਹੋਵੇਗਾ।

## ਨਾਮਾਂਕਣ ਨਵੀਨੀਕਰਨ ਮੁਹਿੰਮ

### ਨਾਮਾਂਕਣ ਨਵੀਨੀਕਰਨ ਮੁਹਿੰਮ ਕੀ ਹੈ?

ਹਰ ਸਾਲ ਹਜ਼ਾਰਾਂ ਨਿਊਜ਼ੀਲੈਂਡ ਵਾਸੀ ਆਪਣੇ ਜੀਵਨ ਵਿੱਚ ਤਬਦੀਲੀਆਂ ਕਰਦੇ ਹਨ। ਉਹ ਘਰ ਬਦਲਦੇ ਹਨ, ਉਹ ਵਿਆਹ ਕਰਦੇ ਹਨ, ਆਪਣਾ ਕੰਮ-ਕਾਰ ਬਦਲਦੇ ਹਨ। ਕਈ ਵਿਦੇਸ਼ਾਂ ਤੋਂ ਵਾਪਸ ਆਉਂਦੇ ਹਨ। ਕਈ ਵਾਰ ਉਹ ਇਨ੍ਹਾਂ ਤਬਦੀਲੀਆਂ ਦੀ ਸੂਚਨਾ ਰਜਿਸਟਰਾਰ ਆਫ ਇਲੈਕਟਰਸ ਨੂੰ ਨਹੀਂ ਦਿੰਦੇ।

ਇਹੋ ਕਾਰਨ ਹੈ ਕਿ ਅਸੀਂ ਬਾਕਾਇਦਾ ਅੰਤਰਾਲਾਂ ਤੇ ਨਾਮਾਂਕਣ ਨਵੀਨੀਕਰਨ ਮੁਹਿੰਮ ਕਰਦੇ ਹਾਂ। ਹਰ ਕਿਸੇ ਨੂੰ ਆਪਣੇ ਵੇਰਵਿਆਂ ਦੀ ਜਾਂਚ ਅਤੇ ਲੋੜ ਹੋਣ ਤੇ ਉਨ੍ਹਾਂ ਨੂੰ ਨਵੀਨੀਕ੍ਰਿਤ ਕਰਨਾ ਹੁੰਦਾ ਹੈ ਤਾਂ ਜੋ ਰਜਿਸਟਰਾਰ ਆਫ ਇਲੈਕਟਰਸ ਨਵੀਆਂ ਚੁਣਾਵੀ ਨਾਮਾਵਲੀਆਂ ਵਿੱਚ ਸਾਰੀਆਂ ਤਬਦੀਲੀਆਂ ਨੂੰ ਸ਼ਾਮਲ ਕਰ ਸਕਣ।

### ਜਦੋਂ ਨਾਮਾਂਕਣ ਨਵੀਨੀਕਰਨ ਮੁਹਿੰਮ ਹੁੰਦੀ ਹੈ ਤਾਂ ਮੈਨੂੰ ਕੀ ਕਰਨਾ ਹੈ?

ਤੁਹਾਨੂੰ ਆਪਣੇ ਨਾਮਾਂਕਣ ਵੇਰਵਿਆਂ ਦੀ ਜਾਂਚ ਅਤੇ ਸੰਸ਼ੋਧਨ, ਜੇ ਲੋੜ ਹੈ, ਕਰਨਾ ਹੁੰਦਾ ਹੈ। ਰਜਿਸਟਰਾਰ ਆਫ ਇਲੈਕਟਰਸ ਪੁਰਾਣੀਆਂ ਨਾਮਾਵਲੀਆਂ ਤੇ ਹਰ ਇੱਕ ਵਿਅਕਤੀ ਨੂੰ ਫਾਰਮ ਭੇਜ ਕੇ ਇਸਨੂੰ ਸੌਖਾ ਬਣਾਉਂਦੇ ਹਨ। ਤੁਹਾਡਾ ਨਾਮਾਂਕਣ ਨਵੀਨੀਕਰਨ ਫਾਰਮ ਤੁਹਾਡੇ ਨਿਜੀ ਵੇਰਵਿਆਂ ਨੂੰ ਦਰਸਾਏਗਾ ਜਿਵੇਂ ਹੀ ਉਹ ਰਿਕਾਰਡ ਕੀਤੇ ਜਾਂਦੇ ਹਨ। ਉੱਥੇ ਤੁਹਾਡੇ ਲਈ ਇਸ ਵਿੱਚ ਸੁਧਾਰ ਕਰਨ ਦੀ ਥਾਂ ਹੁੰਦੀ ਹੈ। ਫਿਰ ਕੇਵਲ ਫਾਰਮ ਤੇ ਹਸਤਾਖਰ ਕਰੋ ਅਤੇ ਤਾਰੀਖ ਪਾਓ ਅਤੇ ਮੁੱਹਈਆ ਕੀਤੇ ਜੁਆਬ ਦੇਣ ਵਾਲੇ ਲਿਫਾਫੇ ਵਿੱਚ ਇਸ ਨੂੰ ਵਾਪਸ ਡਾਕ ਰਾਹੀਂ ਭੇਜੋ। ਜੇ ਤੁਹਾਡੇ ਸਾਰੇ ਵੇਰਵੇ ਸਹੀ ਹਨ ਤਾਂ ਤੁਹਾਨੂੰ ਜੁਆਬ ਦੇਣ ਦੀ ਕੋਈ ਲੋੜ ਨਹੀਂ ਹੁੰਦੀ ਅਤੇ ਤੁਸੀਂ ਆਪਣੇ ਨਾਮਾਂਕਣ ਨਵੀਨੀਕਰਨ ਫਾਰਮ ਤੇ ਦਰਸਾਏ ਗਏ ਵੇਰਵਿਆਂ ਦੇ ਨਾਲ ਨਾਮਾਂਕਿਤ ਰਹੋਗੇ।

### ਜੇ ਮੈਂ ਆਪਣਾ ਨਾਮਾਂਕਣ ਨਵੀਨੀਕਰਨ ਫਾਰਮ ਵਾਪਸ ਨਾ ਭੇਜਾਂ ਤਾਂ ਕੀ ਹੁੰਦਾ ਹੈ?

ਤੁਸੀਂ ਉਸੇ ਵੇਰਵਿਆਂ ਦੇ ਨਾਲ ਨਾਮਾਂਕਿਤ ਰਹੋਗੇ ਜੋ ਨਾਮਾਂਕਣ ਨਵੀਨੀਕਰਨ ਫਾਰਮ ਤੇ ਦਰਸਾਏ ਗਏ ਹਨ।

### ਜੇ ਮੈਂ ਅਜਿਹੇ ਕਿਸੇ ਵਿਅਕਤੀ ਲਈ ਨਾਮਾਂਕਣ ਨਵੀਨੀਕਰਨ ਫਾਰਮ ਪ੍ਰਾਪਤ ਕਰਾਂ ਜੋ ਹੁਣ ਉਸ ਪਤੇ ਤੇ ਨਹੀਂ ਰਹਿੰਦਾ/ਦੀ ਹੈ, ਤਾਂ ਕੀ

### ਹੁੰਦਾ ਹੈ?

ਤੁਹਾਨੂੰ ਇਸਨੂੰ ਉਨ੍ਹਾਂ ਦੇ ਨਵੇਂ ਪਤੇ ਤੇ ਅੱਗੇ ਭੇਜ ਦੇਣਾ ਚਾਹੀਦਾ ਹੈ ਜਾਂ, ਜੇ ਇਹ ਅਗਿਆਤ ਹੈ, ਤਾਂ ਲਿਫਾਫੇ ਤੇ "ਕਿਸੇ ਵੀ ਪਤੇ ਤੇ ਨਹੀਂ ਗਿਆ" ਲਿਖ ਕੇ ਬਸ ਇਸਨੂੰ ਡਾਕ ਵਿੱਚ ਵਾਪਸ ਭੇਜ ਦਿਓ। ਇਸਨੂੰ ਰਜਿਸਟਰਾਰ ਆਫ ਇਲੈਕਟਰਸ ਨੂੰ ਭੇਜ ਦਿੱਤਾ ਜਾਵੇਗਾ ਜੋ ਨਾਮਾਵਲੀ ਵਿੱਚੋਂ ਇਸ ਵਿਅਕਤੀ ਦੇ ਨਾਂ ਨੂੰ ਹਟਾ ਦੇਣਗੇ।

### ਜੇ ਮੈਨੂੰ ਨਾਮਾਂਕਣ ਨਵੀਨੀਕਰਨ ਫਾਰਮ ਨਹੀਂ ਮਿਲਦਾ ਤਾਂ ਕੀ ਹੁੰਦਾ ਹੈ?

ਤੁਹਾਡੇ ਲਈ ਇੱਕ ਨਵਾਂ ਨਾਮਾਂਕਣ ਫਾਰਮ ਭਰਣਾ ਲਾਜ਼ਮੀ ਹੈ। ਇੱਕ ਵਾਰ ਤੁਹਾਡੇ ਰਜਿਸਟਰਾਰ ਆਫ ਇਲੈਕਟਰਸ ਦੁਆਰਾ ਤੁਹਾਡਾ ਪੂਰਾ ਕੀਤਾ ਨਾਮਾਂਕਣ ਫਾਰਮ ਪ੍ਰਾਪਤ ਕੀਤੇ ਜਾਣ ਤੇ ਤੁਹਾਡਾ ਨਾਂ ਚੁਣਾਵੀ ਨਾਮਾਵਲੀ ਤੇ ਦਿਖਾਈ ਦੇਵੇਗਾ।

## ਚੁਣਾਵੀ ਹੱਦਾਂ

### ਮੈਂ ਆਪਣੀ ਥਾਂ ਬਦਲੀ ਨਹੀਂ ਕੀਤੀ ਪਰ ਫੇਰ ਵੀ ਮੈਨੂੰ ਕਿਸੇ ਵੱਖਰੇ ਚੋਣ ਹਲਕੇ ਵਿੱਚ ਪਾ ਦਿੱਤਾ ਗਿਆ ਹੈ। ਕਿਉਂ?

ਹਰ ਚੋਣ ਹਲਕੇ ਵਿੱਚ ਅੰਦਾਜ਼ਨ ਬਰਾਬਰ ਸੰਖਿਆ ਵਿੱਚ ਲੋਕ ਹੁੰਦੇ ਹਨ। ਪਰ ਕੁਝ ਇਲਾਕਿਆਂ ਵਿੱਚ ਵਧ ਹੋ ਸਕਦੇ ਹਨ ਜਦਕਿ ਕੁਝ ਵਿੱਚ ਘੱਟ, ਅਤੇ ਕਈ ਵਾਰ ਹੱਦ ਰੇਖਾਵਾਂ ਨੂੰ ਘਟਾਉਣ-ਵਧਾਉਣ ਦੀ ਲੋੜ ਹੁੰਦੀ ਹੈ।

ਆਮ ਤੌਰ ਤੇ, ਹਰ ਪੰਜੀ ਸਾਲੀ, ਜਨਸੰਖਿਆ ਅਤੇ ਆਵਾਸ ਗਣਨਾ ਤੋਂ ਬਾਅਦ, ਸਾਰੇ ਚੋਣ ਹਲਕਿਆਂ ਦੀਆਂ ਹੱਦਾਂ ਤੇ ਵਿਚਾਰ ਕੀਤਾ ਜਾਂਦਾ ਹੈ। ਜੇ ਇੱਕ ਚੋਣ ਹਲਕੇ ਵਿੱਚ ਵੱਡੀ ਸੰਖਿਆ ਵਿੱਚ ਲੋਕਾਂ ਨੂੰ ਸ਼ਿਫਤ ਕੀਤਾ ਗਿਆ ਹੈ ਤਾਂ ਹੱਦਾਂ ਨੂੰ ਚੋਣ ਹਲਕਿਆਂ ਵਿੱਚ ਲੋਕਾਂ ਦੀ ਲਗਭਗ ਬਰਾਬਰ ਸੰਖਿਆ ਦੇ ਨਾਲ ਇਸਨੂੰ ਬਦਲਦੇ ਰਹਿਣਾ ਵੀ ਪੈ ਸਕਦਾ ਹੈ। ਫਿਰ ਇਨ੍ਹਾਂ ਨਵੀਆਂ ਹੱਦਾਂ ਦੀ ਵਰਤੋਂ ਅਗਲੀਆਂ ਚੋਣਾਂ ਲਈ ਕੀਤੀ ਜਾਂਦੀ ਹੈ।

## ਦੂਜੀਆਂ ਚੋਣਾਂ

### ਪਾਰਲੀਮੈਂਟਰੀ ਉੱਪ-ਚੋਣਾਂ ਕੀ ਹਨ?

ਕਈ ਵਾਰ ਪਾਰਲੀਮੈਂਟ ਵਿੱਚ ਹਲਕਾ ਸੀਟ ਅਵਾਮੀ ਚੋਣਾਂ ਦੇ ਦਰਮਿਆਨ ਖਾਲੀ ਹੋ ਜਾਂਦੀ ਹੈ। ਫਿਰ ਚੋਣ ਹਲਕੇ ਵਿੱਚ ਲੋਕ ਪਾਰਲੀਮੈਂਟ ਦੇ ਨਵੇਂ ਮੈਂਬਰ ਲਈ ਵੋਟ ਪਾਉਣ ਦਾ ਮੌਕਾ ਪ੍ਰਾਪਤ ਕਰਦੇ ਹਨ। ਇਸਨੂੰ ਉੱਪ-ਚੋਣਾਂ ਕਹਿੰਦੇ ਹਨ। ਉਸ ਚੋਣ ਹਲਕੇ ਲਈ ਇੱਕ ਨਵੀਨੀਕ੍ਰਿਤ ਚੁਣਾਵੀ ਨਾਮਾਵਲੀ ਬਣਾਈ ਜਾਵੇਗੀ।

### ਸਥਾਨਕ ਚੋਣਾਂ ਕੀ ਹਨ?

ਜਦੋਂ ਤੁਸੀਂ ਇੱਕ ਪਾਰਲੀਮੈਂਟ ਚੋਣਕਾਰ ਦੇ ਰੂਪ ਵਿੱਚ ਨਾਂ ਦਰਜ ਕਰਦੇ ਹੋ ਤਾਂ ਤੁਸੀਂ ਆਪਣੇ ਆਪ ਹੀ ਆਪਣੀ ਸਥਾਨਕ ਕੌਂਸਿਲ ਨਾਮਾਵਲੀ ਲਈ ਨਾਮਾਂਕਿਤ ਹੋ ਜਾਂਦੇ ਹੋ। ਇਸਦਾ ਮਤਲਬ ਹੈ ਕਿ ਤੁਸੀਂ ਆਪਣੇ ਸਥਾਨਕ ਕੌਂਸਿਲ ਅਤੇ ਜਿਲ੍ਹਾ ਸੇਹਤ ਬੋਰਡ ਚੋਣਾਂ ਵਿੱਚ ਵੀ ਵੋਟ ਪਾ ਸਕਦੇ ਹੋ। ਇਸ ਵਿੱਚ ਆਪਣੇ ਸ਼ਹਿਰ ਜਾਂ ਜਿਲ੍ਹੇ ਲਈ ਇੱਕ ਮੇਅਰ ਚੁਣਨਾ, ਅਤੇ ਆਪਣੀ ਖੇਤਰੀ ਕੌਂਸਿਲ, ਸ਼ਹਿਰ ਜਾਂ ਜਿਲ੍ਹਾ ਕੌਂਸਿਲ, ਕਮਊਨਿਟੀ ਬੋਰਡ, ਜਿਲ੍ਹਾ ਸੇਹਤ ਬੋਰਡ ਅਤੇ ਕੁਝ ਦੂਜੀਆਂ ਸੰਸਥਾਵਾਂ ਜਿਵੇਂ ਲਾਈਸੈਂਸਿੰਗ ਟ੍ਰਸਟਾਂ ਤੇ ਤੁਹਾਡਾ ਪ੍ਰਤੀਨਿਧਤਵ ਕਰਦੇ ਮੈਂਬਰਾਂ ਨੂੰ ਚੁਣਨਾ ਸ਼ਾਮਲ ਹੁੰਦਾ ਹੈ।

### ਕੀ ਮੈਂ ਨਾਗਰਿਕ ਸਿਰਜੇ ਜਨਮੱਤ ਅਤੇ/ਜਾਂ ਸਰਕਾਰ ਸਿਰਜੇ ਜਨਮੱਤ ਵਿੱਚ ਵੋਟ ਪਾਉਣ ਦਾ/ਦੀ ਹੱਕਦਾਰ ਹਾਂ?

ਇੱਕ ਵਾਰ ਜਦੋਂ ਤੁਹਾਡਾ ਪਾਰਲੀਮੈਂਟਰੀ ਚੋਣਕਾਰ ਦੇ ਰੂਪ ਵਿੱਚ ਨਾਂ ਦਰਜ ਹੁੰਦਾ ਹੈ ਤਾਂ ਤੁਸੀਂ ਆਪਣੇ ਆਪ ਹੀ ਨਾਗਰਿਕ ਅਤੇ/ਜਾਂ ਸਰਕਾਰੀ ਸਿਰਜੇ ਜਨਮੱਤ ਲਈ ਵੋਟ ਪਾਉਣ ਵਾਸਤੇ ਨਾਮਾਂਕਿਤ ਹੋ ਜਾਂਦੇ ਹੋ।

## ਹੋਰ ਜਾਣਕਾਰੀ

### ਮੈਂ ਵਧੇਰੇ ਜਾਣਕਾਰੀ ਕਿਵੇਂ ਪ੍ਰਾਪਤ ਕਰਾਂ?

ਵੋਟ ਪਾਉਣ ਲਈ ਨਾਂ ਦਰਜ ਕਰਵਾਉਣ ਬਾਰੇ ਹੋਰ ਜਾਣਕਾਰੀ ਇੱਥੋਂ ਪ੍ਰਾਪਤ ਕੀਤੀ ਜਾ ਸਕਦੀ ਹੈ:

- ਸਾਡੀ ਵੈੱਬਸਾਈਟ ਦੇਖ ਕੇ – elections.org.nz
- 0800 ਹੁਣੇ ਹੀ ਨਾਂ ਦਰਜ ਕਰਵਾਓ (0800 36 76 56) ਤੇ ਕਾਲ ਕਰਕੇ
- ਪੁਸਤਿਕਾਵਾਂ ਪੜ੍ਹ ਕੇ
  - ਉਹ ਹਰ ਚੀਜ਼ ਜਿਸ ਬਾਰੇ ਤੁਹਾਨੂੰ ਅਪ੍ਰਕਾਸ਼ਤ ਚੁਣਾਵੀ ਨਾਮਾਵਲੀ ਲਈ ਜਾਣਨ ਦੀ ਲੋੜ ਹੈ*
  - ਤੁਹਾਡੇ 18 ਸਾਲ ਦੇ ਹੋਣ ਤੋਂ ਪਹਿਲਾਂ ਵੋਟ ਪਾਉਣ ਲਈ ਨਾਂ ਦਰਜ ਕਰਵਾਉਣਾ*

– ਨਿਊਜ਼ੀਲੈਂਡ ਮਾਉਰੀ ਹੋਣ ਦੇ ਨਾਤੇ ਵੋਟ ਪਾਉਣ ਲਈ ਨਾਂ ਦਰਜ ਕਰਨਾ*(ਸਿਰਫ ਅੰਗ੍ਰੇਜ਼ੀ ਅਤੇ ਮਾਉਰੀ ਵਿੱਚ ਉਪਲਬਧ)

* ਪੋਸਟਸ਼ਾਪ ਜਾਂ ਰਜਿਸਟਰਾਰ ਆਫ ਇਲੈਕਟਰਸ ਦੇ ਦਫਤਰਾਂ ਤੋਂ ਉਪਲਬਧ ਹੈ।

ਇਸ ਪੁਸਤਿਕਾ ਨੂੰ ਪੜ੍ਹਣ ਲਈ ਤੁਹਾਡਾ ਧੰਨਵਾਦ।

ਸਾਨੂੰ ਆਸ਼ਾ ਹੈ ਕਿ ਇਸ ਵਿੱਚ ਵੋਟ ਪਾਉਣ ਲਈ ਨਾਮਾਂਕਣ ਬਾਰੇ ਤੁਹਾਡੇ ਸਾਰੇ ਸੁਆਲਾਂ ਦੇ ਜੁਆਬ ਦਿੱਤੇ ਗਏ ਹਨ।

ਜੇ ਤੁਹਾਨੂੰ ਹੋਰ ਮਦਦ ਦੀ ਲੋੜ ਹੈ ਤਾਂ ਕੇਵਲ ਵੈੱਬਸਾਈਟ ELECTIONS.ORG.NZ ਤੇ ਜਾਓ ਜਾਂ 0800 ਹੁਣੇ ਹੀ ਨਾਂ ਦਰਜ ਕਰਵਾਓ (0800 36 76 56) ਤੇ ਸਾਨੂੰ ਮੁਫਤ ਫੋਨ ਕਰੋ।

## ਕੀ ਮੈਂ ਇਸ ਜਾਣਕਾਰੀ ਨੂੰ ਦੂਜੀਆਂ ਭਾਸ਼ਾਵਾਂ ਵਿੱਚ ਪ੍ਰਾਪਤ ਕਰ ਸਕਦਾ/ਦੀ ਹਾਂ?

ਸਾਡੀ ਵੈੱਬਸਾਈਟ ਵਿੱਚ ਇਹ ਪੁਸਤਿਕਾ ਕਈ ਸਾਰੀਆਂ ਭਾਸ਼ਾਵਾਂ ਵਿੱਚ ਉਪਲਬਧ ਹੈ।

Electoral Enrolment Centre
New Zealand Post Limited
P O Box 190
Wellington 6140

ਫੋਨ: 0800 ENROL NOW
(0800 36 76 56)
ਫੈਕਸ: (04) 801 0709

ਈਮੇਲ: enrol@elections.org.nz
ਵੈੱਬਸਾਈਟ: elections.org.nz